Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 20*Issue 142 | Monday, July 19, 2021 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਟੋਰਾਂਟੋ ਵਿੱਚ ਵਾਪਰੀਆਂ ਛੁਰੇਬਾਜ਼ੀ ਦੀਆਂ ਦੋ ਘਟਨਾਵਾਂ ਦੀ ਜਾਂਚ ਕਰ ਰਹੀ ਹੈ ਪੁਲਿਸ

ਟੋਰਾਂਟੋ, 18 ਜੁਲਾਈ (ਪੋਸਟ ਬਿਊਰੋ) : ਇਲਾਕੇ ਵਿੱਚ ਵਾਪਰੀਆਂ ਛੁਰੇਬਾਜ਼ੀ ਦੀਆਂ ਦੋ ਘਟਨਾਵਾਂ ਦੀ ਟੋਰਾਂਟੋ ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ।

ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਪਹਿਲਾ ਮਾਮਲਾ ਕੌਕਸਵੈੱਲ ਐਵਨਿਊ ਤੇ ਗੇਰਾਰਡ ਸਟਰੀਟ ਈਸਟ ਇਲਾਕੇ ਵਿੱਚ ਸ਼ਾਮੀਂ 7:26 ਵਜੇ ਦੇ ਨੇੜੇ ਤੇੜੇ ਇੱਕ ਬਾਰ ਦੇ ਬਾਹਰ ਵਾਪਰਿਆ। ਇੱਥੇ ਦੋ ਵਿਅਕਤੀਆਂ ਦਰਮਿਆਨ ਹੋਈ ਲੜਾਈ ਅਤੇ ਇੱਕ ਵਿਅਕਤੀ ਵੱਲੋਂ ਦੂਜੇ ਉੱਤੇ ਚਾਕੂ ਨਾਲ ਹਮਲਾ ਕਰਨ ਤੋਂ ਬਾਅਦ ਪੁਲਿਸ ਨੂੰ ਸੱਦਿਆ ਗਿਆ। ਮੌਕੇ ਉੱਤੇ ਪਹੁੰਚੀ ਪੁਲਿਸ ਨੂੰ ਇੱਕ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਮਿਲਿਆ। ਪੁਲਿਸ ਨੇ ਦੱਸਿਆ ਕਿ ਵਿਅਕਤੀ ਦੀ ਹਾਲਤ ਗੰਭੀਰ ਸੀ ਪਰ ਉਸ ਦੀ ਜਾਨ ਨੂੰ ਕੋਈ



ਖਤਰਾ ਨਹੀਂ ਹੈ। ਪੁਲਿਸ ਵੱਲੋਂ ਮਸ਼ਕੂਕ ਦੀ ਭਾਲ ਕੀਤੀ ਜਾ ਰਹੀ ਹੈ।


ਇਸ ਦੌਰਾਨ ਨੌਰਥ ਯੌਰਕ ਵਿੱਚ ਵੀ ਰਾਤੀਂ 8:28 ਵਜੇ ਛੁਰੇਬਾਜ਼ੀ ਦੀ ਵਾਪਰੀ ਘਟਨਾ ਤੋਂ ਬਾਅਦ ਮੌਕੇ ਉੱਤੇ ਪੁਲਿਸ ਨੂੰ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਖਬਰ ਮਿਲੀ ਕਿ ਫਿੰਚ ਐਵਨਿਊ ਈਸਟ ਦੇ ਉੱਤਰ ਵੱਲ ਯੰਗ ਸਟਰੀਟ ਤੇ ਡਰੀਊਰੀ ਐਵਨਿਊ ਏਰੀਆ ਵਿੱਚ ਦੋ ਵਿਅਕਤੀ ਆਪਸ ਵਿੱਚ ਲੜ ਰਹੇ ਹਨ। ਜਦੋਂ ਪੁਲਿਸ ਅਧਿਕਾਰੀ ਮੌਕੇ ਉੱਤੇ ਪਹੁੰਚੇ ਤਾਂ ਉਨ੍ਹਾਂ ਨੂੰ ਇੱਕ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਮਿਲਿਆ। ਉਸ ਨੂੰ ਕਿਸੇ ਨੇ ਚਾਕੂ ਮਾਰ ਕੇ ਜ਼ਖ਼ਮੀ ਕਰ ਦਿੱਤਾ ਸੀ। ਈ ਐਮ ਐਸ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਜ਼ਖ਼ਮੀ ਵਿਅਕਤੀ ਨੂੰ ਹਸਪਤਾਲ ਪਹੁੰਚਾਇਆ ਗਿਆ ਤੇ ਹੁਣ ਉਸ ਦੀ ਹਾਲਤ ਸਥਿਰ ਦੱਸੀ ਜਾਂਦੀ ਹੈ।

ਪੁਲਿਸ ਨੇ ਦੱਸਿਆ ਕਿ ਉਨ੍ਹਾਂ ਮੁਤਾਬਕ ਮਸ਼ਕੂਕ ਸਬਵੇਅ ਸਿਸਟਮ ਰਾਹੀਂ ਭੱਜਣ ਵਿੱਚ ਕਾਮਯਾਬ ਹੋਇਆ। ਹੋਰ ਕਿਸੇ ਤਰ੍ਹਾਂ ਦੀ ਜਾਣਕਾਰੀ ਹਾਲ ਦੀ ਘੜੀ ਜਾਰੀ ਨਹੀਂ ਕੀਤੀ ਗਈ ਹੈ।

## ਗ੍ਰੀਨ ਪਾਰਟੀ ਐਗਜ਼ੈਕਟਿਵਜ਼ ਨੇ ਅਨੇਮੀ ਪਾਲ ਖਿਲਾਫ ਲਿਆਂਦਾ ਜਾਣ ਵਾਲਾ ਬੇਭਰੋਸਗੀ ਮਤਾ ਕੀਤਾ ਰੱਦ !

ਓਟਵਾ, 18 ਜੁਲਾਈ (ਪੋਸਟ ਬਿਊਰੋ) : ਇੱਕ ਵਾਰੀ ਫਿਰ ਗ੍ਰੀਨ ਪਾਰਟੀ ਦੀ ਆਗੂ ਅਨੇਮੀ ਪਾਲ ਨੂੰ ਗੱਦੀਓਂ ਲਾਹੇ ਜਾਣ ਦਾ ਮੁੱਦਾ ਚਰਚਾ ਵਿੱਚ ਹੈ। ਪਰ ਪਾਰਟੀ ਦੇ ਐਗਜ਼ੈਕਟਿਵਜ਼ ਵੱਲੋਂ ਅਨੇਮੀ ਪਾਲ ਖਿਲਾਫ ਲਿਆਂਦੇ ਜਾਣ ਵਾਲੇ ਬੇਭਰੋਸਗੀ ਮਤੇ ਨੂੰ ਰੱਦ ਕਰ ਦਿੱਤਾ ਗਿਆ ਹੈ।

ਪਾਰਟੀ ਦੇ ਦੋ ਸੂਤਰਾਂ ਵੱਲੋਂ ਆਪਣਾ ਨਾਂ ਗੁਪਤ ਰੱਖੇ ਜਾਣ ਦੀ ਸ਼ਰਤ ਉੱਤੇ ਦੱਸਿਆ ਗਿਆ ਕਿ ਮੰਗਲਵਾਰ ਨੂੰ ਪਾਰਟੀ ਆਗੂ ਅਨੇਮੀ ਪਾਲ ਖਿਲਾਫ ਬੇਭਰੋਸਗੀ ਮਤਾ ਲਿਆਂਦਾ ਜਾਣਾ ਸੀ ਪਰ ਪਾਰਟੀ ਐਗਜ਼ੈਕਟਿਵਜ਼ ਵੱਲੋਂ ਇਹ ਮਤਾ ਰੱਦ ਕਰ ਦਿੱਤਾ ਗਿਆ ਹੈ। ਇਹ ਕਨਸੋਆਂ ਵੀ ਹਨ ਕਿ ਜੇ ਇਹ ਮਤਾ ਲਿਆਂਦਾ ਜਾਂਦਾ ਤਾ ਪਾਰਟੀ ਆਗੂ ਨੂੰ ਬਾਹਰ ਦਾ ਰਸਤਾ ਵੀ ਦਿਖਾਇਆ ਜਾ ਸਕਦਾ ਸੀ। ਅਗਲੇ ਮਹੀਨੇ ਪਾਰਟੀ ਦੀ ਜਨਰਲ ਮੀਟਿੰਗ ਵਿੱਚ ਪਾਰਟੀ



ਪੱਧਰ ਉੱਤੇ ਇਸ ਮੁੱਦੇ ਉੱਤੇ ਫੈਡਰਲ ਕਾਊਂਸਲ ਦੀ ਵੋਟ ਲਈ 13 ਮੈਂਬਰੀ ਗਵਰਨਿੰਗ ਬਾਡੀ ਦੇ ਤਿੰਨ ਕੁਆਰਟਰਜ਼ ਕੋਲੋਂ ਸਮਰਥਨ ਚਾਹੀਦਾ ਹੈ। ਜਨਰਲ ਮੀਟਿੰਗ ਵਿੱਚ ਹੀ ਪਾਲ ਦੀ ਲੀਡਰਸ਼ਿਪ ਦੇ ਸਬੰਧ ਵਿੱਚ ਫੈਸਲਾ ਪੇਸ਼ ਕੀਤਾ ਜਾ ਸਕਦਾ ਹੈ।

ਸੂਤਰਾਂ ਅਨੁਸਾਰ ਗ੍ਰੀਨ ਪਾਰਟੀ ਦੀ ਅੰਤਰਿਮ ਐਗਜ਼ੈਕਟਿਵ ਡਾਇਰੈਕਟਰ ਡਾਨਾ ਟੇਲਰ ਵੱਲੋਂ ਪਿਛਲੇ ਹਫਤੇ ਲਾਂਚ ਕੀਤੇ ਗਏ ਪਾਰਟੀ ਮੈਂਬਰਸ਼ਿਪ ਰਵਿਊ ਨੂੰ ਵੀ ਹਾਲ ਦੀ ਘੜੀ ਰੋਕ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ ਇਸ ਨਾਲ ਪਾਲ ਦੀ ਮੈਂਬਰਸ਼ਿਪ ਸਸਪੈਂਡ ਹੋ ਸਕਦੀ ਸੀ। ਅਜੇ ਤੱਕ ਇਹ ਸਪਸ਼ਟ ਨਹੀਂ ਹੋ ਸਕਿਆ ਹੈ ਕਿ ਇਹ ਵੋਟਿੰਗ ਤੇ ਰਵਿਊ ਕਿਉਂ ਖ਼ਤਮ ਕੀਤਾ ਗਿਆ। ਗ੍ਰੀਨ ਪਾਰਟੀ ਦੀ ਤਰਜ਼ਮਾਨ ਰੋਜ਼ੀ ਐਮਰੀ ਨੇ ਆਖਿਆ ਕਿ ਪਾਰਟੀ ਵੱਲੋਂ ਇਸ ਸਬੰਧ ਵਿੱਚ ਕੋਈ ਟਿੱਪਣੀ ਨਹੀਂ ਕੀਤੀ ਜਾ ਰਹੀ ਪਰ ਪਾਲ ਵੱਲੋਂ ਸੋਮਵਾਰ ਸਵੇਰੇ ਪ੍ਰੈੱਸ ਕਾਨਫਰੰਸ ਕੀਤੇ ਜਾਣ ਦਾ ਉਨ੍ਹਾਂ ਵੱਲੋਂ ਸੰਕੇਤ ਦਿੱਤਾ ਗਿਆ।

Best Insurance Rates
*Life *Auto *Home *Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth R.I.B.O
Dir: 647-400-2949
Aaxel Insurance Brokers Ltd.
1550 South Gateway Rd. Suite 220 Mississauga, ON L4W 5G6

## ਘਰ ਵਿੱਚ ਲੱਗੀ ਅੱਗ, ਸੱਤ ਵਿਅਕਤੀਆਂ ਨੂੰ ਕਰਵਾਇਆ ਗਿਆ ਹਸਪਤਾਲ ਦਾਖਲ



ਮਿਸੀਸਾਗਾ, 18 ਜੁਲਾਈ (ਪੋਸਟ ਬਿਊਰੋ) : ਸ਼ਨਿੱਚਰਵਾਰ ਸਵੇਰੇ ਮਿਸੀਸਾਗਾ ਦੇ ਇੱਕ ਘਰ ਵਿੱਚ ਅੱਗ ਲੱਗ ਜਾਣ ਤੋਂ ਬਾਅਦ ਸੱਤ ਵਿਅਕਤੀਆਂ ਨੂੰ ਸਹੀ ਸਲਾਮਤ ਘਰ ਤੋਂ ਬਾਹਰ ਲਿਆਂਦਾ ਗਿਆ। ਇਨ੍ਹਾਂ ਵਿੱਚ ਚਾਰ ਬੱਚੇ ਵੀ ਸ਼ਾਮਲ ਸਨ। ਇਲਾਜ ਲਈ ਸਾਰਿਆਂ ਨੂੰ ਹਸਪਤਾਲ ਲਿਜਾਇਆ ਗਿਆ।

ਹਾਈਵੇਅ 427 ਤੇ ਡੈਰੀ ਰੋਡ ਈਸਟ ਇਲਾਕੇ ਵਿੱਚ ਲੈਡੀ ਕ੍ਰੀਸੈਂਟ ਉੱਤੇ ਸਥਿਤ ਇੱਕ ਘਰ ਵਿੱਚ ਲੱਗੀ ਅੱਗ ਦੇ ਸਬੰਧ ਵਿੱਚ ਸਵੇਰੇ 7:30 ਵਜੇ ਦੇ ਨੇੜੇ ਤੇੜੇ ਫਾਇਰ ਅਮਲੇ ਨੂੰ ਸੱਦਿਆ ਗਿਆ। ਮੌਕੇ ਉੱਤੇ ਪਹੁੰਚਣ ਉੱਤੇ ਫਾਇਰ ਕ੍ਰਿਊ ਨੂੰ ਘਰ ਦੇ ਗੈਰਾਜ ਵਿੱਚੋਂ ਭਾਰੀ ਧੂੰਆਂ ਨਿਕਲਦਾ ਮਿਲਿਆ। ਫਾਇਰ ਅਮਲੇ ਨੇ ਘਰ ਵਿੱਚ ਰਹਿਣ ਵਾਲੇ 12 ਵਿਅਕਤੀਆਂ ਨੂੰ ਸਹੀ ਸਲਾਮਤ ਬਾਹਰ ਕੱਢ ਲਿਆ। ਅਹਿਤਿਆਤਨ ਤਿੰਨ ਬਾਲਗਾਂ ਤੇ ਚਾਰ ਬੱਚਿਆਂ ਨੂੰ ਹਸਪਤਾਲ ਲਿਜਾਇਆ ਗਿਆ।

ਅੱਗ ਲੱਗਣ ਦੇ ਕਾਰਨਾਂ ਦਾ ਪਤਾ ਲਾਉਣ ਲਈ ਜਾਂਚਕਾਰ ਮੌਕੇ ਉੱਤੇ ਮੌਜੂਦ ਸਨ।

## ਨਵਜੋਤ ਸਿੰਘ ਸਿੱਧੂ ਪੰਜਾਬ ਕਾਂਗਰਸ ਦੇ ਨਵੇਂ ਪ੍ਰਧਾਨ ਬਣਾਏ ਗਏ

*** ਹਾਈ ਕਮਾਨ ਨੇ ਚਾਰ ਕਾਰਜਕਾਰੀ ਪ੍ਰਧਾਨ ਵੀ ਥਾਪੇ * ਹਰ ਪਾਸੇ ਤੋਂ ਸਿੱਧੂ ਨੂੰ ਵਧਾਈਆਂ, ਕੈਪਟਨ ਦਾ ਕੋਈ ਸੁਨੇਹਾ ਨਹੀਂ**

ਚੰਡੀਗੜ੍ਹ, 18 ਜੁਲਾਈ, (ਪੋਸਟ ਬਿਊਰੋ)- ਪੰਜਾਬ ਕਾਂਗਰਸ ਵਿਚ ਕਈ ਮਹੀਨਿਆਂ ਤੋਂ ਚੱਲਦੀ ਆਈ ਖਿੱਚੋਤਾਣ ਦੇ ਬਾਅਦ ਪਾਰਟੀ ਹਾਈ ਕਮਾਨ ਨੇ ਅੱਜ ਐਤਵਾਰ ਸ਼ਾਮ ਪੰਜਾਬ ਦੇ ਸਾਬਕਾ ਲੋਕਲ ਬਾਡੀਜ਼ ਮੰਤਰੀ ਨਵਜੋਤ ਸਿੰਘ ਸਿੱਧੂ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਾਉਣ ਦਾ ਐਲਾਨ ਕਰ ਦਿੱਤਾ ਹੈ।

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਕਈ ਵਾਰ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਨਵਜੋਤ ਸਿੰਘ ਸਿੱਧੂ ਨੂੰ ਦੇਣ ਦਾ ਰੌਲਾ ਪੈਂਦਾ ਅਤੇ ਫਿਰ ਗੱਲ ਠੱਪੀ ਜਾਂਦੀ ਰਹੀ ਸੀ। ਸ਼ੁੱਕਰਵਾਰ ਅਤੇ ਸ਼ਨੀਵਾਰ ਨੂੰ ਦੋ ਵਾਰ ਕਾਂਗਰਸ ਪਾਰਟੀ ਹਾਈ ਕਮਾਂਡ ਦੇ ਦੋ ਜਾਅਲੀ ਪੱਤਰ ਵੀ ਚਰਚਿਤ ਹੋਏ ਅਤੇ ਵਾਟਸਐਪ ਉੱਤੇ ਘਰ-ਘਰ ਪਹੁੰਚ ਗਏ, ਪਰ ਪਿੱਛੋਂ ਪਤਾ ਲੱਗਾ ਕਿ ਉਹ ਪੱਤਰ ਕਿਸੇ ਦੀ ਸ਼ਰਾਰਤ ਸਨ, ਜਿਸ ਲਈ ਦੋਵੇਂ ਧਿਰਾਂ ਇੱਕ ਦੂਸਰੀ ਨੂੰ ਦੋਸ਼ ਦੇ ਰਹੀਆਂ ਸਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਧੜਾ ਨਵਜੋਤ ਸਿੰਘ ਸਿੱਧੂ ਨੂੰ ਪ੍ਰਧਾਨਗੀ ਮਿਲਣ ਦਾ ਪੂਰੀ ਤਾਕਤ ਨਾਲ ਆਖਰੀ ਐਲਾਨ ਹੋਣ ਤੱਕ ਵੀ ਵਿਰੋਧ ਕਰੀ ਜਾਂਦਾ ਸੀ। ਇਸ ਦੌਰਾਨ ਦੋਵੇਂ ਪਾਸੇ ਮੀਟਿੰਗਾਂ ਦਾ ਦੌਰ ਜਾਰੀ ਸੀ। ਅੱਜ ਕਾਂਗਰਸ ਦੀ ਹਾਈ ਕਮਾਂਡ ਵੱਲੋਂ ਨਵਜੋਤ ਸਿੰਘ ਸਿੱਧੂ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਾਉਣ ਦਾ ਇੱਕ ਪੱਤਰ ਆਲ ਇੰਡੀਆ ਕਾਂਗਰਸ ਕਮੇਟੀ ਦੇ ਆਪਣੇ



ਲੈਟਰ ਹੈੱਡ ਉੱਤੇ ਜਾਰੀ ਹੋਣ ਨਾਲ ਸਾਰੇ ਚਰਚਿਆਂ ਉੱਤੇ ਰੋਕ ਲੱਗ ਗਈ ਹੈ।

ਨਵਜੋਤ ਸਿੰਘ ਸਿੱਧੂ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਾਉਣ ਦੇ ਵਕਤ ਕਾਂਗਰਸ ਹਾਈ ਕਮਾਂਡ ਨੇ ਉਸ ਨਾਲ ਚਾਰ ਕਾਰਜਕਾਰੀ ਪ੍ਰਧਾਨ ਵੀ ਬਣਾਏ ਹਨ, ਜਿਨ੍ਹਾਂ ਵਿਚ ਸੰਗਤ ਸਿੰਘ ਗਿਲਜੀਆਂ (ਦੋਆਬਾ ਖੇਤਰ), ਸੁਖਵਿੰਦਰ ਸਿੰਘ ਡੈਨੀ (ਮਾਝਾ ਖੇਤਰ) ਅਤੇ ਪਵਨ ਗੋਇਲ ਤੇ ਕੁਲਜੀਤ ਸਿੰਘ ਨਾਗਰਾ (ਮਾਲਵਾ ਖੇਤਰ) ਵਿੱਚੋਂ ਲਏ ਗਏ ਹਨ।ਸੰਗਤ ਸਿੰਘ ਗਿਲਜੀਆਂ ਹਲਕਾ ਉੜਮੁੜ ਟਾਂਡਾ ਦੇ ਵਿਧਾਇਕ ਹਨ, ਸੁਖਵਿੰਦਰ ਸਿੰਘ ਡੈਨੀ ਜੰਡਿਆਲਾ ਗੁਰੂ ਅਤੇ ਕੁਲਜੀਤ ਸਿੰਘ ਨਾਗਰਾ ਫਤਹਿਗੜ੍ਹ ਸਾਹਿਬ ਹਲਕੇ ਤੋਂ ਵਿਧਾਇਕ ਹਨ ਤੇ ਪਵਨ ਗੋਇਲ ਪਲਾਨਿੰਗ ਬੋਰਡ ਜ਼ਿਲਾ ਫਰੀਦਕੋਟ ਦੇ ਚੇਅਰਮੈਨ ਹਨ।ਸੁਖਵਿੰਦਰ ਸਿੰਘ ਡੈਨੀ ਦਲਿਤ ਨੇਤਾ ਹਨ। ...ਬਾਕੀ ਪੰਨਾ 4 'ਤੇ

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

INSURANCE
- Home
- Auto
- Business
- Trucking
- Life Insurance
- Commercial
647-206-2452
Sukhwinder K Singh
CONNEX
7050A Bramalea Rd, Unit # 13, Mississauga, ON L5S 1T1

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Aaxel InsuranceBrokers Ltd.
1332 Khalsa Dr, Unit # 11, Mississauga, ON L5S 0A2

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal, Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA, Insurance Broker
Dir: 647-928-4990
# 25-831 Bovarid Dr. W. Brampton, ON L6X0T9 | www.ufsinsurance.com

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
AvonFinancial Inc.
Brokerage Lic 12538
Cell: 416-841-4218 Tel: 905-216-5563
Harpreet Singh Goraya, Principal Broker
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu, Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
- Real Estate
- Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma
Open Saturday
Providing excellent quality legal services to our clients

ਨਵਾਂ ਘਾਹ ਲਵਾਓ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213

KELLEY LAW OFFICE
- Immigration
- Real Estate
- Family Law
- Business Closing
- Corporate
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley, Barrister, Solicitor & Notary Public
905-362-0755

PEST PROBLEM ?
Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill, Certified & Licenced Exterminator

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan, Certified Instructor


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
10GB
$50/mo.
chatr™
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 10GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਨਵੇਂ ਕਮਿਊਨਿਟੀ ਸੈਂਟਰ ਲਈ ਸਰਕਾਰ ਦੇ ਤਿੰਨੇ ਪੱਧਰ ਪਾਉਣਗੇ 35 ਮਿਲੀਅਨ ਡਾਲਰ ਦਾ ਯੋਗਦਾਨ

ਟੋਰਾਂਟੋ, 18 ਜੁਲਾਈ (ਪੋਸਟ ਬਿਊਰੋ) : ਇਲਾਕੇ ਦੀਆਂ ਵੱਖ ਵੱਖ ਲੋੜਾਂ ਨੂੰ ਪੂਰਾ ਕਰਨ ਲਈ ਸਕਾਰਬੌਰੋ ਵਿੱਚ ਇੱਕ ਨਵੇਂ ਕਮਿਊਨਿਟੀ ਸੈਂਟਰ ਦੇ ਨਿਰਮਾਣ ਲਈ ਸਰਕਾਰ ਦੇ ਤਿੰਨਾਂ ਪੱਧਰਾਂ ਵੱਲੋਂ 35•9 ਮਿਲੀਅਨ ਡਾਲਰ ਦਾ ਯੋਗਦਾਨ ਪਾਇਆ ਜਾ ਰਿਹਾ ਹੈ।

ਇਸ ਸਬੰਧ ਵਿੱਚ ਸ਼ੁੱਕਰਵਾਰ ਸਵੇਰੇ ਫੈਡਰਲ, ਪ੍ਰੋਵਿੰਸ਼ੀਅਲ ਤੇ ਲੋਕਲ ਅਧਿਕਾਰੀਆਂ ਵੱਲੋਂ ਸਕਾਰਬੌਰੋ ਦੇ ਰੂਜ ਪਾਰਕ ਵਿਖੇ ਐਲਾਨ ਕੀਤਾ ਗਿਆ। ਨਵਾਂ ਤਾਮਿਲ ਕਮਿਊਨਿਟੀ ਸੈਂਟਰ ਮਲਟੀ-ਪਰਪਸ ਫੈਸਿਲਿਟੀ ਹੋਵੇਗਾ ਤੇ ਇਸ ਵਿੱਚ ਜਿੰਮ, ਆਊਟਡੋਰ ਖੇਡ ਦੇ ਮੈਦਾਨ, ਨਵੀਂ ਲਾਇਬ੍ਰੇਰੀ, ਮਿਊਜ਼ੀਅਮ ਤੇ ਆਡੀਟੋਰੀਅਮ ਹੋਣਗੇ। ਇਸ ਵਿੱਚ ਵਿੱਦਿਅਕ ਤੇ ਸੱਭਿਆਚਾਰਕ ਈਵੈਂਟਸ ਲਈ ਵੀ ਥਾਂਵਾਂ ਹੋਣਗੀਆਂ।



ਡਿਪਟੀ ਪ੍ਰਧਾਨ ਮੰਤਰੀ ਤੇ ਫੈਡਰਲ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਇਹ ਕਮਾਲ ਦੀ ਫੈਸਿਲਿਟੀ ਹੋਵੇਗੀ। ਇੱਥੇ ਲੋਕ ਫੁੱਟਬਾਲ, ਬੇਸਬਾਲ ਤੇ ਕ੍ਰਿਕਟ ਵੀ ਖੇਡ ਸਕਣਗੇ। ਇੱਥੇ ਤਮਿਲ ਸੰਗੀਤ ਤੇ ਡਾਂਸ ਦਾ ਗੜ੍ਹ ਹੋਵੇਗਾ। ਸਕਾਰਬੌਰੋ-ਰੂਜ ਪਾਰਕ ਤੋਂ ਐਮਪੀ ਗੈਰੀ ਆਨੰਦਾਸਾਂਗਾਰੀ ਨੇ ਇਸ ਮੌਕੇ ਆਖਿਆ ਕਿ ਉਹ ਕਮਿਊਨਿਟੀ ਈਵੈਂਟਸ ਲਈ ਸੇਫ ਤੇ ਖੁੱਲ੍ਹੀ ਡੁੱਲ੍ਹੀ ਥਾਂ ਦੀ ਆਸ ਕਰਦੇ ਹਨ। ਉਨ੍ਹਾਂ ਆਖਿਆ ਕਿ ਤਮਿਲ ਕਮਿਊਨਿਟੀ ਸੈਂਟਰ ਭਾਸ਼ਾ, ਸੱਭਿਆਚਾਰ ਦੀ ਸੇਵਾ ਕਰਨ ਦੇ ਨਾਲ ਨਾਲ ਕਮਿਊਨਿਟੀ ਦੀਆਂ ਲੋੜਾਂ ਪੂਰੀਆਂ ਕਰੇਗਾ ਇਸ ਦੀ ਉਨ੍ਹਾਂ ਨੂੰ ਉਮੀਦ ਹੈ।

ਇਸ ਪ੍ਰੋਜੈਕਟ ਵਿੱਚ ਫੈਡਰਲ ਸਰਕਾਰ 13•3 ਮਿਲੀਅਨ ਡਾਲਰ ਦਾ ਨਿਵੇਸ਼ ਕਰੇਗੀ ਜਦਕਿ ਓਨਟਾਰੀਓ ਸਰਕਾਰ 12 ਮਿਲੀਅਨ ਡਾਲਰ ਮੁਹੱਈਆ ਕਰਾਵੇਗੀ। ਸਿਟੀ ਆਫ ਟੋਰਾਂਟੋ ਵੱਲੋਂ ਨਵੇਂ ਸੈਂਟਰ ਲਈ ਥਾਂ ਦਿੱਤੀ ਗਈ ਹੈ, ਜਿਸ ਦੀ ਕੀਮਤ 25 ਮਿਲੀਅਨ ਡਾਲਰ ਹੈ ਤੇ ਇਹ ਲੌਂਗ ਟਰਮ ਲੈਂਡ ਲੀਜ਼ ਵਜੋਂ ਹੋਵੇਗੀ।


SherGill Law Firm
Barrister, Solicitor & Notary Public

Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters

Paramjit Singh Gill
(MBA,LL.B.)
Tel: 905-790-3636



2565 Steeles Ave E Unit #20, Brampton, ON L6T 4L6




Emergency Contact:
416.910.5676
www.shergilllawfirm.ca



ukttc UK TRUCK TRAINING CENTRE
PCC #179958
Registered as a Private Careers College

ਹੁਣ ਕੈਮਬ੍ਰਿਜ ਵਿੱਚ
ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge



Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ

Forklift Training




ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs

20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ

7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936



Great Invetsment Opportunity
In The Region of Timminis,ON

8 ACRE OF lAND CAN BE SEVERD IN TWO LOTS OF 4 ACRE

Apartment Building For Sale:

4 units 3 bedroom | 2 units 1 bedroom | 1 unit bachelor








For More Details Call: 416-970-5005/647-242-8667



Jas Toor
Sales Repersentative
Sutton Group-Realty Experts
Brokerage*

Jagdish Grewal
Sales Repersentative
Century 21 President Realty Inc.
Brokerage*



## ਅੱਜ ਨਾਮਾ

ਸੰਭਾਲੀ ਹਾਲੇ ਪ੍ਰਧਾਨੀ ਨਹੀਂ ਜਦੋਂ ਸਿੱਧੂ,
ਜੁੜ ਗਈ ਨਾਲ ਹੈ ਓਸ ਦੇ ਡਾਰ ਬੇਲੀ।
ਹਰ ਕੋਈ ਸਿੱਧੂ ਨੂੰ ਆਖਦਾ ਘਰੇ ਆਓ,
ਔਖਾ ਮਿਲਣ ਲਈਬੱਝਦਾ ਵਾਰ ਬੇਲੀ।
ਜਿਹੜੇ ਸਿੱਧੂ ਨੂੰ ਕੱਲ੍ਹ ਤੱਕ ਨਿੰਦਦੇ ਸੀ,
ਹੋ ਗਏ ਅੱਜ ਉਹ ਹੀ ਜੋੜੀਦਾਰ ਬੇਲੀ।
ਰੌਣਕ ਪਹਿਲੇ ਦਰਬਾਰ ਦੀ ਘੱਟ ਹੋਈ,
ਭਰਿਆ ਜਦੋਂ ਦਾ ਨਵਾਂ ਦਰਬਾਰ ਬੇਲੀ।
ਚੱਲੀ ਚਾਲ ਹਾਲਾਤ ਕੁਝ ਇੰਜ ਕਾਹਲੀ,
ਕੀਤੇ ਮਾਹਰ ਵੀ ਪਏ ਕਈ ਦੰਗ ਬੇਲੀ।
ਨਵਿਆਂ ਰੰਗਾਂ ਭੁਲਾਏ ਜੀ ਰੰਗ ਪਹਿਲੇ,
ਰਿਹਾ ਯਾਦ ਨਹੀਂ ਮਾੜ ਨਾ ਚੰਗ ਬੇਲੀ।

**ਤੀਸ ਮਾਰ ਖਾਂ**

# ਮੋਟਲ ਵਿੱਚ ਹੋਏ ਕਤਲ ਦੀ ਜਾਂਚ ਕਰ ਰਹੀ ਹੈ ਪੁਲਿਸ




ਹੈਮਿਲਟਨ, 18 ਜੁਲਾਈ (ਪੋਸਟ ਬਿਊਰੋ) : ਐਤਵਾਰ ਸਵੇਰੇ ਰੈੱਡ ਰੋਜ਼ ਮੋਟਲ ਵਿੱਚ ਹੋਏ ਇੱਕ ਕਤਲ ਦੇ ਸਬੰਧ ਵਿੱਚ ਪੁਲਿਸ ਨੂੰ ਸੱਦਿਆ ਗਿਆ। 2021 ਵਿੱਚ ਹੋਏ ਸਿਟੀ ਦੇ 10ਵੇਂ ਕਤਲ ਦੀ ਹੈਮਿਲਟਨ ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ।

ਪੁਲਿਸ ਅਧਿਕਾਰੀਆਂ ਨੂੰ ਸਵੇਰੇ 9:45 ਦੇ ਨੇੜੇ ਤੇੜੇ ਹੋਟਲ ਤੋਂ ਕਾਲ ਆਈ। ਮੋਟਲ ਵਿੱਚ ਇੱਕ ਵਿਅਕਤੀ ਦੇ ਹੋਏ ਕਤਲ ਦਾ ਪਤਾ ਲੱਗਣ ਤੋਂ ਬਾਅਦ ਮੇਜਰ ਕ੍ਰਾਈਮ ਯੂਨਿਟ ਮੌਕੇ ਉੱਤੇ ਪਹੁੰਚੀ। ਇਲਾਕੇ ਵਿੱਚ ਪੁਲਿਸ ਭਾਰੀ ਮਾਤਰਾ ਵਿੱਚ ਮੌਜੂਦ ਸੀ। ਨੈਸ਼ ਰੋਡ ਤੇ ਵੁੱਡਮੈਨ ਡਰਾਈਵ ਦਰਮਿਆਨ ਕੁਈਨਸਟਨ ਰੋਡ ਨੂੰ ਬੰਦ ਕਰ ਦਿੱਤਾ ਗਿਆ।

ਇਸ ਮਾਮਲੇ ਵਿੱਚ ਅਜੇ ਹੋਰ ਜਾਣਕਾਰੀ ਮੁਹੱਈਆ ਨਹੀਂ ਕਰਵਾਈ ਗਈ।

# ਨਵਜੋਤ ਸਿੰਘ ਸਿੱਧੂ ਪੰਜਾਬ ਕਾਂਗਰਸ ਦੇ ਨਵੇਂ ਪ੍ਰਧਾਨ ਬਣਾਏ ਗਏ

...ਪੰਨਾ 1 ਦਾ ਬਾਕੀ

ਕਾਂਗਰਸ ਹਾਈ ਕਮਾਂਡ ਦਾ ਨਵਜੋਤ ਸਿੰਘ ਸਿੱਧੂ ਨੂੰ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਸੌਂਪਣ ਦਾ ਪੱਤਰ ਆਉਣ ਤੋਂ ਪਹਿਲਾਂ ਪਿਛਲੇ ਦੋ ਦਿਨ ਸਿੱਧੂ ਵੱਖ-ਵੱਖ ਕਾਗਰਸੀ ਆਗੂਆਂ, ਜਿਨ੍ਹਾਂ ਵਿੱਚ ਪੰਜਾਬ ਕਾਂਗਰਸ ਦੇ ਪ੍ਰਧਾਨ ਰਹਿ ਚੁੱਕੇ ਆਗੂ ਪ੍ਰਤਾਪ ਸਿੰਘ ਬਾਜਵਾ, ਸ਼ਮਸ਼ੇਰ ਸਿੰਘ ਦੂਲੋ, ਮਹਿੰਦਰ ਸਿੰਘ ਕੇ ਪੀ, ਲਾਲ ਸਿੰਘ ਅਤੇ ਅਜੋਕੇ ਪ੍ਰਧਾਨ ਸੁਨੀਲ ਜਾਖੜ ਸ਼ਾਮਲ ਹਨ, ਦੇ ਘਰਾਂ ਵਿੱਚ ਜਾ ਕੇ ਮਿਲੇ ਅਤੇ ਕਈ ਵਿਧਾਇਕਾਂ ਦੇ ਘਰ ਵੀ ਗਏ। ਐਤਵਾਰ ਸਾਰਾ ਦਿਨ ਸਿੱਧੂ ਦੀ ਵੱਖ-ਵੱਖ ਘਰਾਂ ਵਿੱਚ ਜਾਣ ਦੀ ਲੜੀ ਨਹੀਂ ਟੁੱਟੀ ਅਤੇ ਰਾਤ ਪੈਣ ਤੋਂ ਪਹਿਲਾਂ ਉਹ ਪਟਿਆਲਾ ਜਾ ਕੇ ਗੁਰ-ਦੁਆਰਾ ਸ੍ਰੀ ਦੁਖ ਨਿਵਾਰਨ ਸਾਹਿਬ ਮੱਥਾ ਟੇਕਣ ਗਏ।

ਪਤਾ ਲੱਗਾ ਹੈ ਕਿ ਅੱਜ ਸ਼ਾਮ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਕਾਂਗਰਸ ਪਾਰਲੀਮੈਂਟ ਮੈਂਬਰਾਂ ਤੇ ਹੋਰਨਾਂ ਨੂੰ ਫੋਨ ਕੀਤਾ ਅਤੇ ਨਵਜੋਤ ਸਿੰਘ ਸਿੱਧੂ ਦਾ ਵਿਰੋਧ ਕਰਨਾ ਛੱਡਣ ਨੂੰ ਕਿਹਾ ਸੀ। ਇਸ ਨਾਲ ਨਵਜੋਤ ਸਿੰਘਸਿੱਧੂ ਦਾ ਵਿਰੋਧ ਕਰਦੇ ਕਈ ਆਗੂਆਂ ਦੇ ਸੁਰ ਨਰਮ ਵੀ ਪੈ ਗਏ ਤੇ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਵੀ ਸਿੱਧੂਨੂੰ ਪ੍ਰਧਾਨਗੀ ਸੌਂਪਣ ਬਾਰੇ ਹਾਈ ਕਮਾਨ ਦਾ ਫ਼ੈਸਲੇ ਮੰਨਣ ਦੀ ਗੱਲ ਕਹੀ, ਹਾਲਾਂਕਿ ਅੱਜ ਸਵੇਰੇ ਉਨ੍ਹਾਂ ਨੇ ਕਾਂਗਰਸ ਪਾਰਲੀਮੈਂਟ ਮੈਂਬਰਾਂ ਦੀ ਮੀਟਿੰਗ ਕੀਤੀ ਸੀ, ਜਿਸ ਵਿੱਚ ਨਵਜੋਤ ਸਿੰਘ ਸਿੱਧੂ ਨੂੰ ਪੰਜਾਬ ਦੀ ਅਗਵਾਈ ਦੇਣ ਦਾ ਵਿਰੋਧ ਕੀਤਾ ਜਾਣ ਦੀ ਖਬਰ ਆਈ ਸੀ।

ਨਵਜੋਤ ਸਿੰਘ ਸਿੱਧੂ ਦੇ ਪੰਜਾਬ ਕਾਂਗਰਸ ਪ੍ਰਧਾਨ ਬਣਾਏ ਜਾਣਦਾਐਲਾਨ ਹੋਣ ਪਿੱਛੋਂ ਉਸ ਨੂੰ ਵਧਾਈਆਂ ਦੇ ਐਲਾਨਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ, ਜਿਹੜਾ ਦੇਰ ਰਾਤ ਤੱਕ ਵੀ ਚੱਲਦਾ ਰਿਹਾ।ਉਸ ਦੇ ਪੰਜਾਬ ਪ੍ਰਧਾਨ ਬਣਨ ਦੀ ਖੁਸ਼ੀ ਵਿੱਚ ਉਨ੍ਹਾਂ ਦੇ ਪ੍ਰਸ਼ੰਸਕਾਂ ਨੇ ਉਨ੍ਹਾਂ ਦੀ ਅੰਮ੍ਰਿਤਸਰ ਰਿਹਾਇਸ ਉੱਤੇ ਲੱਡੂ ਵੰਡੇ, ਪਰ ਦੇਰ ਰਾਤ ਤੱਕ ਵੀ ਪੰਜਾਬ ਦੇਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਸ਼ੁਭਕਾਮਨਾਵਾਂ ਦਾ ਸੁਨੇਹਾ ਨਹੀਂ ਆਇਆ।ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਇਸ ਤੋਂ ਪਹਿਲਾਂ ਸ਼ਨੀਵਾਰ ਸ਼ਾਮ ਨੂੰਪਾਰਲੀਮੈਂਟ ਮੈਂਬਰ ਪ੍ਰਤਾਪ ਸਿੰਘ ਬਾਜਵਾ ਨਾਲ ਬੈਠਕ ਕੀਤੀ ਸੀ, ਜਿਸ ਵਿੱਚ ਮੰਤਰੀ ਰਾਣਾ ਗੁਰਮੀਤ ਸੋਢੀ ਅਤੇ ਸਪੀਕਰ ਰਾਣਾ ਕੇ ਪੀ ਸਿੰਘ ਹਾਜ਼ਰ ਸਨ।ਅੱਜ ਇਨ੍ਹਾਂ ਸਾਰਿਆਂ ਵਿੱਚੋਂ ਕਿਸੇ ਦੀ ਕੋਈ ਖਬਰ ਨਹੀਂ ਆਈ। ਦੂਸਰੇ ਪਾਸੇ ਮੁਕਤਸਰ ਸਾਹਿਬ ਦੇ ਹਲਕਾ ਗਿੱਦੜਬਾਹਾ ਵਾਲੇ ਵਿਧਾਇਕ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਆਪਣੇ ਫੇਸਬੁੱਕ ਪੇਜ ਤੋਂ ਨਵਜੋਤ ਸਿੰਘ ਸਿੱਧੂ ਨੂੰ ਪੰਜਾਬ ਪ੍ਰਧਾਨ ਬਣਨ ਦੀ ਵਧਾਈ ਦੇਣ ਦੀ ਪੋਸਟ ਸ਼ੇਅਰ ਕਰ ਕੇ ਕਿਹਾ ਕਿ ਉਹ ਦਿਨ ਆ ਗਿਆ, ਜਿਸ ਦੀ ਪੰਜਾਬ ਨੂੰ ਉਡੀਕ ਸੀ। ਤਕਨੀਕੀ ਸਿੱਖਿਆ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਵੀ ਨਵਜੋਤ ਸਿੰਘ ਸਿੱਧੂ ਨੂੰ ਪੰਜਾਬ ਪ੍ਰਧਾਨ ਬਣਨ ਦੀ ਵਧਾਈ ਦਿੱਤੀ ਤੇ ਕਿਹਾ ਕਿ ਉਨ੍ਹਾਂ ਦੇ ਪ੍ਰਧਾਨ ਬਣਨ ਨਾਲ ਪੰਜਾਬ ਦੇ ਸਾਰੇ ਰੁਕੇ ਹੋਏ ਮੁੱਦੇ ਨੇਪਰੇ ਚੜ੍ਹ ਜਾਣਗੇ।

### ਤ੍ਰਿਪਤ ਬਾਜਵਾ ਦੀ ਕੈਪਟਨ ਨੂੰ ਨਸੀਹਤ:

## ਪ੍ਰਤਾਪ ਸਿੰਘ ਬਾਜਵਾ ਦੀਆਂ ਚਿੱਠੀਆਂ ਭੁੱਲ ਗਏ ਸੀ, ਨਵਜੋਤ ਸਿੱਧੂ ਦੇ ਟਵੀਟ ਵੀ ਭੁੱਲ ਜਾਓ

ਗੁਰਦਾਸਪੁਰ, 18 ਜੁਲਾਈ, (ਪੋਸਟ ਬਿਊਰੋ)- ਅੱਜ ਜਦੋਂ ਨਵਜੋਤ ਸਿੰਘ ਸਿੱਧੂ ਨੂੰ ਪੰਜਾਬ ਕਾਂਗਰਸ ਦੇ ਪ੍ਰਧਾਨ ਬਣਾ ਦਿੱਤਾ ਗਿਆ ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅਜੇ ਵੀ ਉਸ ਨੂੰ ਹਮਾਇਤ ਨਹੀਂ ਦਿੱਤੀ, ਕਿਉਂਕਿ ਉਸ ਨੇ ਕੈਪਟਨ ਦੇ ਖਿਲਾਫ ਬੜੇ ਕੌੜੇ ਟਵੀਟ ਕੀਤੇ ਸਨ ਤਾਂ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਮੁੱਖ ਮੰਤਰੀ ਨੂੰ ਗੁੱਸਾ ਭੁੱਲਣ ਦੇ ਲਈ ਪ੍ਰਤਾਪ ਸਿੰਘ ਬਾਜਵਾ ਵਾਲੇ ਮਾਮਲੇ ਦੀ ਯਾਦ ਦਿਵਾਈ ਹੈ।



ਅਸਲ ਵਿੱਚ ਜਦੋਂ ਸਾਰੇ ਪਾਸੇ ਨਵਜੋਤ ਸਿੰਘ ਸਿੱਧੂ ਨੂੰ ਪ੍ਰਧਾਨ ਵਜੋਂ ਪ੍ਰਵਾਨ ਕਰਨ ਦਾ ਮਾਹੌਲ ਸੀ ਤੇ ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ਸਹਿਮਤ ਨਹੀਂ ਸਨ ਤਾਂ ਇਸ ਮੌਕੇਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੇ ਖਿਲਾਫ ਲਗਾਤਾਰ ਬੋਲਣ ਵਾਲੇ ਪਾਰਲੀਮੈਂਟ ਮੈਂਬਰ ਪ੍ਰਤਾਪ ਸਿੰਘ ਬਾਜਵਾ ਲਗਾਤਾਰ ਕੈਪਟਨ ਅਮਰਿੰਦਰ ਸਿੰਘ ਨਾਲ ਫੋਟੋਆਂ ਵਿੱਚ ਦਿਖਾਈ ਦੇ ਰਹੇ ਸਨ।ਉਨ੍ਹਾਂ ਦੀ ਇਸ ਨਵੀਂ ਦੋਸਤੀ ਤੋਂ ਹਰ ਕੋਈ ਹੈਰਾਨ ਸੀ। ਦੱਸਿਆ ਜਾਂਦਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਜਦੋਂ ਤੱਕ ਨਵਜੋਤ ਸਿੰਘ ਸਿੱਧੂ ਨੇ ਪਿਛਲੇ ਦਿਨੀਂ ਕੀਤੇ ਹੋਏ ਆਪਣੇ ਟਵੀਟਸ ਦੀ ਮੁਆਫੀ ਨਾ ਮੰਗੀ, ਉਹ ਉਸ ਨੂੰ ਬਿਲਕੁਲ ਨਹੀਂ ਮਿਲਣਗੇ। ਇਸ ਮੌਕੇ ਪੰਜਾਬ ਦੇ ਕੈਬਨਿਟ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਮੁੱਖ ਮੰਤਰੀ ਨੂੰ ਪ੍ਰਤਾਪ ਸਿੰਘ ਬਾਜਵਾ ਦੇ ਕੇਸ ਦੀ ਯਾਦ ਦਿਵਾ ਕੇ ਕਿਹਾ ਕਿ ਬਾਜਵਾ ਹਮੇਸ਼ਾ ਆਪਣੇ ਲਾਭ ਲਈ ਆਪਣੀ ਹੀ ਪਾਰਟੀ ਦੀ ਪੰਜਾਬ ਸਰਕਾਰ ਦੇ ਖਿਲਾਫ ਚਿੱਠੀਆਂ ਰਹੇ ਅਤੇ ਟਵੀਟ ਕਰਦੇ ਰਹੇ ਸਨ।ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਸਲਾਹ ਦਿੱਤੀ ਕਿ ਜਿਵੇਂ ਪ੍ਰਤਾਪ ਸਿੰਘ ਬਾਜਵਾ ਦੀਆਂ ਆਪਣੀ ਸਰਕਾਰ ਦੇ ਖਿਲਾਫ ਕੀਤੀਆਂ ਗੱਲਾਂ ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਭੁਲਾ ਦਿੱਤਾ ਹੈ, ਓਦਾਂ ਹੀ ਨਵਜੋਤ ਸਿੰਘਸਿੱਧੂ ਦੇ ਕੀਤੇ ਹੋਏ ਟਵੀਟ ਵੀ ਭੁੱਲ ਜਾਣ।

ਉਂਜ ਪ੍ਰਤਾਪ ਸਿੰਘ ਬਾਜਵਾ ਨੇ ਅੱਜ ਐਤਵਾਰ ਵੀ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਲਈ ਸਿੱਧੂ ਦਾ ਰਾਹ ਰੋਕਣਬਾਰੇ ਪੰਜਾਬ ਕਾਂਗਰਸ ਦੇ ਪਰਲੀਮੈਂਟ ਮੈਂਬਰਾਂ ਨਾਲ ਮੀਟਿੰਗ ਕੀਤੀ ਸੀ, ਜਿਹੜੀ ਵਿਅਰਥ ਗਈ ਹੈ।

## ਅਫ਼ਗਾਨ ਉੱਪ ਰਾਸ਼ਟਰਪਤੀ ਨੇ ਪਾਕਿ ਉੱਤੇ ਤਾਲਿਬਾਨ ਦੀ ਮੱਦਦ ਦੇ ਦੋਸ਼ ਫਿਰ ਲਾਏ

*** ਅਫਗਾਨ ਰਾਜਦੂਤ ਦੀ ਧੀ ਦੇ ਅਗਵਾ ਨੂੰ ਇਮਰਾਨ ਨੇ ਗੰਭੀਰਤਾ ਨਾਲ ਲਿਆ**

ਕਾਬੁਲ, 18 ਜੁਲਾਈ, (ਪੋਸਟ ਬਿਊਰੋ)- ਅਫ਼ਗਾਨਿਸਤਾਨ ਦੇ ਪਹਿਲੇ ਉੱਪ ਰਾਸ਼ਟਰਪਤੀ ਅਮਰੁੱਲਾ ਸਾਲੇਹ ਨੇ ਅੱਜ ਐਤਵਾਰ ਨੂੰ ਇਕ ਵਾਰ ਫਿਰ ਪਾਕਿਸਤਾਨ ਉੱਤੇ ਨਿਸ਼ਾਨਾ ਸਾਧਦੇ ਹੋਏ ਦੋਸ਼ ਲਾਇਆ ਕਿ ਪਾਕਿਸਤਾਨ ਸਰਕਾਰ ਦਾ ਡਿਪਲੋਮੈਟਿਕ ਮਿਸ਼ਨ ਅਜੇ ਵੀ ਤਾਲਿਬਾਨ ਦੀ ਦਿੱਖ ਸੁਧਾਰਨ ਦੀ ਕੋਸ਼ਿਸ਼ ਕਰ ਰਿਹਾ ਹੈ।

ਇਸਲਾਮਿਕ ਸਟੇਟ ਖੁਰਾਸਾਨ ਅਤੇ ਅਲ-ਕਾਇਦਾ ਨਾਲ ਤਾਲਿਬਾਨ ਦੀ ਤੁਲਨਾ ਕਰਦੇ ਹੋਏ ਅਮਰੁੱਲਾ ਸਾਲੇਹ ਨੇ ਇਕ ਟਵੀਟ ਵਿੱਚ ਕਿਹਾ ਕਿ ਪਾਕਿਸਤਾਨ ਦਾ ਡਿਪਲੋਮੈਟਿਕਅਮਲਾ-ਫੈਲਾ ਤਾਲਿਬਾਨਾਂ ਦੇ ਲਈ ਇਕ ਕਾਲਪਨਿਕ ਅਕਸ ਨੂੰ ਬਿਆਨ ਕਰਨ ਤੇ ਸਜਾਉਣ ਲਈ ਸਖ਼ਤ ਮਿਹਨਤ ਕਰ ਰਿਹਾ ਹੈ, ਜਦ ਕਿ ਅਸਲ ਵਿੱਚ ਤਾਲਿਬਾਨ ਆਈ ਐੱਸ-ਖੁਰਾਸਨ ਅਤੇ ਅਲ-ਕਾਇਦਾ ਦੇ ਅਫ਼ਗਾਨਿਸਤਾਨ ਵਰਜਨ ਤੋਂ ਬਿਨਾਂ ਕੁਝ ਨਹੀਂ ਹੈ, ਪਰ ਪਾਕਿਸਤਾਨ ਵਿਦੇਸ਼ਾਂ ਵਿੱਚ ਚੰਗੇ ਅਤੇ ਬੁਰੇ ਅੱਤਵਾਦੀਆਂ ਦੀ ਕਹਾਣੀ ਬਣਾ ਕੇ ਉਨ੍ਹਾਂ ਨੂੰਟਿਕਣ ਦੇ ਟਿਕਾਣੇ ਦੇਂਦਾ ਹੈ।



ਵਰਨਣ ਯੋਗ ਹੈ ਕਿ ਪਿਛਲੇ ਦਿਨੀਂਅਮਰੁੱਲਾ ਸਾਲੇਹ ਨੇ ਟਵਿੱਟਰ ਉੱਤੇ ਕਿਹਾ ਸੀ ਕਿ ਪਾਕਿਸਤਾਨ ਹਵਾਈ ਫ਼ੌਜ ਕੁਝ ਖੇਤਰਾਂ ਵਿੱਚ ਤਾਲਿਬਾਨ ਨੂੰ ਨੇੜਲੀ ਹਵਾਈ ਮਦਦ ਦੇ ਰਹੀ ਹੈ। ਤਾਲਿਬਾਨ ਕਿਉਂਕਿ ਅਫ਼ਗਾਨਿਸਤਾਨ ਵਿੱਚ ਆਪਣੀ ਪਕੜ ਮਜ਼ਬੂਤ ਕਰ ਰਿਹਾ ਹੈ ਤੇ ਇਸ ਵਿੱਚ ਪਾਕਿਸਤਾਨ ਦੀ ਭੂਮਿਕਾ ਲੱਭ ਰਹੀ ਹੈ, ਇਸ ਲਈਅਮਰੁੱਲਾ ਸਾਲੇਹ ਨੇ ਕਿਹਾ ਕਿ ਪਾਕਿਸਤਾਨੀ ਹਵਾਈ ਫੌਜ ਨੇ ਅਫ਼ਗਾਨ ਸੈਨਾ ਤੇ ਹਵਾਈ ਸੈਨਾ ਨੂੰ ਅਧਿਕਾਰਤ ਚਿਤਾਵਨੀ ਜਾਰੀ ਕੀਤੀ ਹੈ ਕਿ ਸਪਿਨ ਬੋਲਡਕ ਖੇਤਰ ਤੋਂ ਤਾਲਿਬਾਨ ਦੇ ਪੈਰ ਉਖਾੜਨ ਦੀ ਕੋਸ਼ਿਸ਼ਕੀਤੀ ਤਾਂ ਉਸ ਨੂੰ ਪਾਕਿਸਤਾਨ ਦੀ ਹਵਾਈ ਫ਼ੌਜ ਦਾ ਸਾਹਮਣਾ ਕਰਨਾ ਹੋਵੇਗਾ। ਇਕ ਹੋਰ ਟਵੀਟ ਵਿੱਚਅਮਰੁੱਲਾ ਸਾਲੇਹ ਨੇ ਇਹ ਵੀ ਲਿਖਿਆ ਕਿ ਇਸ ਦੀ ਆਪਣੀ ਫੌਜ ਦੀ 215 ਕੋਰ ਦੀ ਮਦਦ ਨਾਲ ਬਹਾਦਰ ਕਮਾਂਡੋ ਨੇ ਨਿਮਰੋਜ ਵਿੱਚ ਚਖਨਸੌਰ ਜ਼ਿਲ੍ਹੇ ਉੱਤੇ ਫਿਰ ਕਬਜ਼ਾ ਕਰ ਲਿਆ, ਸਾਰੇ ਤਾਲਿਬਾਨ ਨੂੰ ਮਾਰ ਦਿੱਤਾ ਅਤੇ ਪਿਛਲੇ ਹਫ਼ਤੇ ਗਵਾਏ 10 ਏ ਪੀ ਸੀ ਨੂੰ ਵੀ ਉਨ੍ਹਾਂ ਤੋਂ ਫਿਰ ਖੋਹ ਲਿਆ ਹੈ। ਉਨ੍ਹਾਂ ਲਿਖਿਆ ਹੈ ਕਿ ਅਫ਼ਗਾਨਿਸਤਾਨ ਬਹੁਤ ਵੱਡਾ ਹੈ ਅਤੇ ਇਸ ਨੂੰ ਨਿਗਲਣਾ ਪਾਕਿਸਤਾਨ ਦੇ ਵੱਸ ਦੀ ਗੱਲ ਨਹੀਂ, ਭਾਵੇਂ ਪਾਕਿਸਤਾਨ ਹਵਾਈ ਫ਼ੌਜ ਤਾਲਿਬਾਨ ਨੂੰ ਮਦਦ ਦੇ ਰਹੀ ਹੈ।

ਦੂਸਰੇ ਪਾਸੇ ਪਾਕਿਸਤਾਨ ਵਿੱਚ ਅਫਗਾਨਿਸਤਾਨ ਦੇ ਰਾਜਦੂਤ ਨਜੀਬ ਉਲ੍ਹਾ ਦੀ ਬੇਟੀ ਸਿਲਸਿਲਾ ਦੇ ਅਗਵਾ ਦੀ ਘਟਨਾ ਨੂੰ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਗੰਭੀਰਤਾ ਨਾਲ ਲੈਂਦੇ ਹੋਏ ਗ੍ਰਹਿ ਮੰਤਰੀ ਸ਼ੇਖ ਰਸ਼ੀਦ ਅਹਿਮਦ ਨੂੰ ਇਸ ਘਟਨਾ ਨਾਲ ਜੁੜੇ ਅਪਰਾਧੀਆਂ ਦੀ ਗ੍ਰਿਫਤਾਰੀ 48 ਘੰਟਿਆਂ ਵਿੱਚ ਕਰਨ ਲਈ ਕਿਹਾ ਹੈ। ਜ਼ਿਕਰ ਯੋਗ ਹੈ ਕਿ ਸਿਲਸਿਲਾ ਨੂੰ ਸ਼ੁੱਕਰਵਾਰ ਓਦੋਂ ਅਗਵਾ ਕੀਤਾ ਗਿਆ ਸੀ, ਜਦੋਂ ਉਹ ਬਾਜ਼ਾਰਤੋਂ ਕੁਝ ਖਰੀਦਦਾਰੀ ਕਰਨ ਗਈ ਸੀ। ਇਕ ਟੈਕਸੀ ਵਿਚ ਉਸ ਦੇ ਬੈਠਣ ਵੇਲੇ ਇਕ ਹੋਰ ਵਿਅਕਤੀ ਜਬਰੀ ਉਸੇ ਟੈਕਸੀ ਵਿਚ ਬੈਠ ਗਿਆ ਅਤੇ ਸਿਲਸਿਲਾ ਨੂੰ ਅਗਵਾ ਕਰ ਕੇ ਲੈ ਗਿਆ, ਪਰ ਬਾਅਦ ਵਿੱਚ ਉਸ ਨੂੰ ਛੱਡ ਦਿੱਤਾ ਗਿਆ ਸੀ।

ਗ੍ਰਹਿ ਮੰਤਰੀ ਸ਼ੇਖ ਰਸ਼ੀਦ ਨੇ ਪ੍ਰਧਾਨ ਮੰਤਰੀ ਦੀਆਂ ਹਦਾਇਤਾਂ ਦੇ ਮੁਤਾਬਕ ਅਧਿਕਾਰੀਆਂ ਨੂੰ ਦੋਸ਼ੀਆਂ ਦੀ 48 ਘੰਟੇਵਿੱਚਗ੍ਰਿਫਤਾਰੀ ਦੇ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਇਕ ਨਿੱਜੀ ਚੈਨਲ ਨਾਲ ਗੱਲਬਾਤ ਵਿੱਚ ਕਿਹਾ ਕਿ ਉਸ ਟੈਕਸੀ ਚਾਲਕ ਦਾ ਪਤਾ ਲੱਗ ਗਿਆ ਹੈ, ਜਿਸ ਨੇ ਸਿਲਸਿਲਾ ਨੂੰ ਬਾਅਦ ਵਿਚ ਛੱਡਿਆ ਸੀ।

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ
Your Travel Safety
Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
Join and Represent Us
VISITOR TO CANADA INSURANCE
TRAVEL OUT INSURANCE
INTERNATIONAL STUDENT INSURANCE
OTHER INSURANCE PRODUCTS
905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd. #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

NEED A LAWYER ??
Red Seal NOTARY
KAUR LAW OFFICE
MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Grand Upholstery Ltd
Sofa Company Originality in Every Piece
Special on Sale
• ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
• ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
• ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
• ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | **Gyan Singh,** |
| **Office Admin** | **Sajandeep Singh** |
| **Graphic Designer** | **Angrez Singh** |
| **Photographer** | Kanwaljit Singh Kanwal |
| **Distributer** | Aman Warraich |
| **Marketing:** | **Sajandeep Singh** |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਕੋਰੋਨਾ ਦੀ ਮਾਰ: ਪਹਿਲੇ ਹੱਲੇ ਵਿੱਚ ਮਸਾਂ ਬਚੇ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਜੌਨਸਨ ਫਿਰ ਕੁਆਰੰਟਾਈਨ

ਲੰਡਨ, 18 ਜੁਲਾਈ, (ਪੋਸਟ ਬਿਊਰੋ)- ਬ੍ਰਿਟੇਨ ਵਿੱਚ ਤੇਜ਼ੀ ਨਾਲ ਵਧਦੀ ਹੋਈ ਕੋਰੋਨਾ ਵਾਇਰਸ ਦੀ ਇਨਫੈਕਸ਼ਨ ਦੀ ਲਪੇਟ ਵਿੱਚਓਥੋਂ ਦੇ ਪ੍ਰਧਾਨ ਮੰਤਰੀ ਬੋਰਿਸ ਜੌਨਸਨ ਅਤੇ ਖਜ਼ਾਨਾ ਮੰਤਰੀ ਰਿਸ਼ੀ ਸੁਨਕ ਵੀ ਆ ਗਏ ਹਨ। ਇਹ ਦੋਵੇਂ ਜਣੇ ਇਹੋ ਜਿਹੇ ਵਿਅਕਤੀ ਦੇ ਸੰਪਰਕ ਵਿੱਚ ਆਏ ਸਨ, ਜਿਸ ਤੋਂ ਬਾਅਦ ਵਿੱਚ ਕੋਰੋਨਾ ਇਨਫੈਕਟਿਡ ਹੋਣ ਦੀ ਪੁਸ਼ਟੀ ਹੋਈ ਅਤੇ ਦੋਵੇਂ ਹੀ ਸਿਖਰਲੇ ਨੇਤਾ ਕੁਆਰੰਟਾਈਨ ਹੋ ਗਏ ਹਨ।

ਇਸ ਬਾਰੇ ਪ੍ਰਧਾਨ ਮੰਤਰੀ ਦੀ ਸਰਕਾਰੀ ਰਿਹਾਇਸ਼ 10-ਡਾਊਨਿੰਗ ਸਟਰੀਟ ਨੇ ਦੋਵਾਂ ਦੇ ਕੁਆਰੰਟਾਈਨ ਹੋਣ ਦੀ ਪੁਸ਼ਟੀ ਕੀਤੀ ਹੈ। ਦੋਵੇਂ ਨੇਤਾਵਾਂ ਦੇ ਕੋਰੋਨਾ ਇਨਫੈਕਟਿਡ ਮਰੀਜ਼ ਦੇ ਸੰਪਰਕ ਵਿਚ ਆਉਣ ਦਾ ਪਤਾ ਇੱਕ ਟੈਸਟ ਤੇ ਟ੍ਰੇਸਿੰਗ ਸਿਸਟਮ ਤੋਂ ਲੱਗਾ ਹੈ।ਬ੍ਰਿਟੇਨ ਦੇ ਸਿਹਤ ਮੰਤਰੀ ਸਾਜਿਦ ਜਾਵੇਦ ਨੇ ਇਸ ਬਾਰੇ ਜਾਣਕਾਰੀ ਟਵਿੱਟਰ ਉੱਤੇ ਦਿੱਤੀ ਅਤੇ ਕਿਹਾ ਕਿ ਪ੍ਰਧਾਨ ਮੰਤਰੀ ਬੋਰਿਸ ਜੌਨਸਨ ਨੂੰ ਇਸ ਬਿਮਾਰੀ ਦੇ ਹਲਕੇ ਲੱਛਣ ਹਨ।ਦੱਸਿਆ ਜਾਂਦਾ ਹੈ ਕਿ ਸ਼ਨਿਚਰਵਾਰ ਨੂੰ ਦੇਸ਼ ਦੇ ਸਿਹਤ



ਮੰਤਰੀ ਸਾਜਿਦ ਜਾਵੇਦ ਵੀ ਕੋਰੋਨਾ ਇਨਫੈਕਟਿਡ ਹੋ ਗਏ ਹਨ। ਪ੍ਰਧਾਨ ਮੰਤਰੀ ਦੀ ਰਿਹਾਇਸ਼ ਵਾਲੇ ਦਫਤਰ ਨੇ ਕਿਹਾ ਕਿ ਕਿਸੇ ਕੋਰੋਨਾ ਮਰੀਜ਼ ਦੇ ਸੰਪਰਕ ਵਿੱਚ ਆਉਣ ਤੋਂ ਬਾਅਦ ਬੋਰਿਸ ਜੌਨਸਨ ਤੇ ਵਿੱਤ ਮੰਤਰੀ ਰਿਸ਼ੀ ਸੁਨਕ ਨੂੰ ਵਰਕਪਲੇਸ ਪਾਇਲਟ ਸਕੀਮ ਹੇਠਕੰਮ ਕਰਨ ਦੀ ਇਜਾਜ਼ਤ ਦੇ ਦਿੱਤੀ ਗਈ ਹੈ। ਦੋਵੇਂ ਨੇਤਾਵਾਂ ਨੂੰ ਕੰਮ ਕਰਨ ਦੀ ਸਹੂਲਤ ਦੇਣ ਦਾ ਵਿਰੋਧੀ ਪਾਰਟੀਆਂ ਨੇ ਸਖ਼ਤ ਵਿਰੋਧ ਕੀਤਾ ਹੈ।ਇਸ ਪਿੱਛੋਂ ਵਿੱਤ ਮੰਤਰੀ ਰਿਸ਼ੀ ਸੁਨਕ ਨੇ ਟਵੀਟ ਕੀਤਾ ਕਿ ਉਨ੍ਹਾਂ ਨੂੰ ਜ਼ਰੂਰੀ ਸਰਕਾਰੀ ਕੰਮ-ਕਾਜ ਲਈ ਇਸ ਸਕੀਮ ਤਹਿਤ ਇਜਾਜ਼ਤ ਦਿੱਤੀ ਗਈ ਸੀ, ਫਿਰ ਵੀ ਨਿਯਮ ਸਾਰਿਆਂ ਲਈ ਬਰਾਬਰ ਹੋਣੇ ਚਾਹੀਦੇ ਹਨ। ਇਸ ਕਰ ਕੇ ਉਹ ਇਸ ਸਕੀਮ ਦਾ ਹਿੱਸਾ ਨਹੀਂ ਬਣਨਗੇ ਅਤੇ ਸਾਧਾਰਨ ਰੂਪ ਵਿੱਚ ਸੈਲਫ ਆਈਸੋਲੇਸ਼ਨ ਵਿੱਚ ਜਾ ਰਹੇ ਹਨ।

ਵਰਨਣ ਯੋਗ ਹੈ ਕਿ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਪਿਛਲੇ ਸਾਲ ਕੋਰੋਨਾ ਵਾਇਰਸ ਦੀ ਲਪੇਟ ਵਿੱਚ ਆਉਣ ਕਾਰਨ ਬਹੁਤ ਦਿਨ ਹਸਪਤਾਲ ਦੇ ਆਈ ਸੀ ਯੂ ਵਿੱਚ ਰਹੇ ਸਨ ਅਤੇ ਇੱਕ ਵਾਰੀ ਉਨ੍ਹਾਂ ਦੇ ਬਚ ਨਾ ਸਕਣ ਦੇ ਚਰਚੇ ਵੀ ਚੱਲਣ ਲੱਗ ਪਏ ਸਨ। ਉਹ ਦੂਸਰੀ ਵਾਰੀ ਇਸ ਬਿਮਾਰੀ ਦੀ ਲਪੇਟ ਵਿੱਚ ਆਏ ਹਨ।

# ਸੁਖਪਾਲ ਸਿੰਘ ਖਹਿਰਾ ਸਣੇ 10 ਵਿਧਾਇਕਾਂ ਦਾ ਕੈਪਟਨ ਦੇ ਪੱਖ ਵਿੱਚ ਬੋਲਣਾ ਕਿਸੇ ਕੰਮ ਨਾ ਆਇਆ

ਚੰਡੀਗੜ੍ਹ, 18 ਜੁਲਾਈ, (ਪੋਸਟ ਬਿਊਰੋ)- ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂ ਨੂੰ ਕਾਂਗਰਸ ਦੀ ਹਾਈ ਕਮਾਂਡ ਵੱਲੋਂ ਪੰਜਾਬ ਕਾਂਗਰਸ ਦਾ ਪ੍ਰਧਾਨ ਐਲਾਨਣ ਦੀ ਚਰਚਾ ਦੌਰਾਨ ਅੱਜ ਜਿੱਥੇ ਨਵਜੋਤ ਸਿੰਘ ਸਿੱਧੂ ਦੇ ਪੱਖ ਵਿੱਚ ਵਿਧਾਇਕਾਂ ਦੀ ਲਾਈਨ ਲੱਗਣ ਲੱਗ ਪਈ ਸੀ, ਓਦੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਪੱਖ ਵਿੱਚ 10 ਵਿਧਾਇਕ ਖੁੱਲ੍ਹ ਕੇ ਬੋਲੇ ਅਤੇ ਹਾਈ ਕਮਾਨ ਅੱਗੇ ਵਾਸਤਾ ਪਾਇਆ ਕਿ ਕੈਪਟਨ ਅਮਰਿੰਦਰ ਸਿੰਘ ਦੀ ਪੰਜਾਬ ਵਿਚ ਕਾਂਗਰਸ ਨੂੰ ਮਜ਼ਬੂਤ ਕਰਨ ਵਿਚ ਵੱਡੀ



ਭੂਮਿਕਾ ਨੂੰ ਨਜ਼ਰ ਅੰਦਾਜ ਨਾ ਕੀਤਾ ਜਾਵੇ।

ਇਸ ਮੌਕੇ ਇਨ੍ਹਾਂ 10 ਕਾਂਗਰਸੀ ਵਿਧਾਇਕਾਂ ਨੇ ਪਾਰਟੀ ਹਾਈਕਮਾਂਡ ਨੂੰ ਅਪੀਲ ਕੀਤੀ ਕਿ ਉਹ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਨੀਵਾਂ ਨਾ ਦਿਖਾਉਣ, ਕਿਉਂਕਿ ਉਨ੍ਹਾਂ ਦੀਆਂ ਕੋਸ਼ਿਸ਼ਾਂ ਕਾਰਨ ਪੰਜਾਬ ਵਿਚ ਪਾਰਟੀ ਖੜ੍ਹੀ ਹੋਈ ਹੈ। ਭੁਲੱਥ ਤੋਂ ਵਿਧਾਇਕ ਸੁਖਪਾਲ ਖਹਿਰਾ, ਜਿਹੜੇ ਕੁਝ ਸਮਾਂ ਪਹਿਲਾਂ ਆਮ ਆਦਮੀ ਪਾਰਟੀ ਦੇ ਵਿਧਾਇਕ ਦਾ ਅਧਿਕਾਰਤ ਦਰਜਾ ਹੁੰਦੇ ਤੋਂ ਦਲ-ਬਦਲੀ ਕਰ ਕੇ ਕਾਂਗਰਸ ਵਿੱਚ ਆਏ ਹਨ, ਨੇ ਆਪਣੇ ਨਾਲਦਲ-ਬਦਲੀ ਕਰ ਕੇ ਆਏਜਗਦੇਵ ਸਿੰਘ ਕਮਾਲੂ ਤੇ ਪਿਰਮਲ ਸਿੰਘ ਖਾਲਸਾ ਤੇ ਪੱਟੀ ਦੇ ਵਿਧਾਇਕ ਹਰਮਿੰਦਰ ਸਿੰਘ ਗਿੱਲ, ਕਾਦੀਆਂ ਦੇ ਵਿਧਾਇਕ ਫਤਹਿ ਜੰਗ ਸਿੰਘ ਬਾਜਵਾ, ਬੱਸੀ ਪਠਾਣਾਂ ਦੇ ਗੁਰਪ੍ਰੀਤ ਸਿੰਘ ਜੀਪੀ, ਗਿੱਲ ਹਲਕੇ ਦੇ ਵਿਧਾਇਕ ਡਾ:ਕੁਲਦੀਪ ਸਿੰਘ ਵੈਦ, ਸ੍ਰੀ ਹਰਗੋਬਿੰਦਪੁਰ ਹਲਕੇ ਦੇ ਵਿਧਾਇਕ ਬਲਵਿੰਦਰ ਸਿੰਘ ਲਾਡੀ, ਬਾਬਾ ਬਕਾਲਾ ਦੇ ਵਿਧਾਇਕ ਸੰਤੋਖ ਸਿੰਘ ਭਲਾਈਪੁਰ ਤੇ ਪਠਾਨਕੋਟ ਦੇ ਵਿਧਾਇਕ ਜੋਗਿੰਦਰ ਪਾਲ ਭੋਆ ਨਾਲ ਸਾਂਝੇ ਤੌਰ ਉੱਤੇ ਅਮਰਿੰਦਰ ਸਿੰਘ ਦਾ ਸਮਰਥਨ ਕੀਤਾ ਹੈ। ਇਸ ਬਿਆਨ ਵਿੱਚ ਕਿਹਾ ਗਿਆ ਕਿ ਕੈਪਟਨ ਅਮਰਿੰਦਰ ਸਿੰਘ ਦੇ ਸਖਤ ਯਤਨ ਸਦਕਾ ਪਾਰਟੀ ਦੇ ਪੰਜਾਬ ਵਿੱਚ ਪੈਰ ਲੱਗੇ ਹਨ ਅਤੇ ਪਾਰਟੀ ਹਾਈਕਮਾਂਡ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਏਦਾਂ ਨਾ ਕਰੇ। ਹੈਰਾਨੀ ਦੀ ਗੱਲ ਹੈ ਕਿ ਸ਼ਾਮ ਹੋਣ ਤੱਕ ਇਨ੍ਹਾਂ ਵਿੱਚੋਂ ਜੋਗਿੰਦਰ ਪਾਲ ਭੋਆ ਦਾ ਬਿਆਨ ਆ ਗਿਆ ਕਿ ਉਹ ਇਸ ਬਿਆਨ ਵਿੱਚ ਸ਼ਾਮਲ ਨਹੀਂ ਹਨ।

## ਕੋਰੋਨਾ ਦੀ ਤੀਸਰੀ ਲਹਿਰ ਦੇ ਡਰ ਕਾਰਨ ਮਣੀਪੁਰ ਵਿੱਚ 10 ਦਿਨ ਦਾ ਮੁਕੰਮਲ ਲਾਕਡਾਊਨ

ਇੰਫਾਲ, 18 ਜੁਲਾਈ, (ਪੋਸਟ ਬਿਊਰੋ)- ਭਾਰਤ ਵਿੱਚ ਵਧਦੇ ਡੈਲਟਾ ਵੇਰੀਐਂਟ ਦੇ ਕੇਸਾਂ ਕਾਰਨ ਕੋਰੋਨਾ ਵਾਇਰਸ ਦੀ ਤੀਸਰੀ ਲਹਿਰ ਦਾ ਖ਼ਤਰਾ ਵਧ ਰਿਹਾ ਹੈ। ਮਣੀਪੁਰ ਵਿੱਚ ਵਧੇ ਕੋਰੋਨਾ ਕੇਸ ਮੁਸੀਬਤ ਨਾ ਬਣ ਜਾਣ, ਇਸ ਕਰ ਕੇਰਾਜ ਸਰਕਾਰ ਨੇ ਦਸ ਦਿਨਾਂ ਲਈ ਪੂਰੀ ਤਰ੍ਹਾਂ ਲਾਕਡਾਊਨ ਲਾਉਣ ਦਾ ਫ਼ੈਸਲਾ ਕੀਤਾ ਹੈ। ਵਰਨਣ ਯੋਗ ਹੈ ਕਿ ਪਿਛਲੇ 24 ਘੰਟਿਆਂ ਵਿੱਚ ਪੂਰੇ ਭਾਰਤ ਵਿੱਚ ਕੋਰੋਨਾ ਦੇ ਕਰੀਬ 41 ਹਜ਼ਾਰ ਕੇਸਮਿਲੇ ਤੇ ਕਰੀਬ ਸਾਢੇ ਪੰਜ ਸੌ ਤੋਂ ਵੱਧ ਮੌਤਾਂ ਹੋਈਆਂ ਹਨ। ਇਸ ਦੌਰਾਨ ਕੋਰੋਨਾ ਦੇ ਵਧਦੇ ਕੇਸਾਂ ਨੂੰ ਦੇਖ ਕੇ ਮਣੀਪੁਰ ਸਰਕਾਰ ਨੇ ਰਾਜਵਿੱਚਮੁਕੰਮਲ ਲਾਕਡਾਊਨ ਲਾਉਣ ਦਾ ਐਲਾਨ ਕੀਤਾ ਹੈ, ਜੋ 27 ਜੁਲਾਈ ਤਕ ਲਾਗੂ ਰਹੇਗਾ। ਸਰਕਾਰ ਨੇ 18 ਜੁਲਾਈ 2021 ਤੋਂ 10 ਦਿਨਾਂ ਲਈ ਲਾਕਡਾਊਨ ਦਾ ਐਲਾਨ ਕੀਤਾ ਹੈ।

ਕੇਅਰਗੀਵਰ ਦੀ ਲੋੜ CAREGIVER NEEDED
ਸਕਾਰਬਰੋ ਦੇ ਬ੍ਰਿਮਲੀ ਤੇ ਫਿੰਚ ਏਰੀਏ ਵਿਚ ਇਕੱਲੀ ਮਾਤਾ ਦੀ ਦੇਖਭਾਲ ਲਈ ਲਿਵ-ਇਨ ਕੇਅਰਗੀਵਰ ਦੀ ਲੋੜ ਹੈ। ਰਹਿਣ ਅਤੇ ਖਾਣ ਦਾ ਪ੍ਰਬੰਧ ਹੋਵੇਗਾ। ਜਲਦੀ ਸ਼ੁਰੂ ਕਰ ਸਕਦੇ ਹੋ। ਤਨਖਾਹ ਤੇ ਹੋਰ ਜਾਣਕਾਰੀ ਲਈ ਟੈਕਸਟ ਜ਼ਾਂ ਕਾਲ ਕਰੋ:

Mature, Caregiver needed for elderly mom in Scarborough Brimley/ Finch area. Includes free meals & accomo-dation. Price is negotiable.
Harmeet: 416-845-0905


ਵਰਕਰਾਂ ਦੀ ਲੋੜ
ਰੈਨੋਵੇਸ਼ਨ ਦੇ ਕੰਮ ਲਈ ਵਰਕਰਾਂ ਦੀ ਲੋੜ ਹੈ। 6 ਦਿਨ ਕੰਮ ਹੋਵੇਗਾ। ਚੰਗੀ ਤਨਖਾਹ ਦਿੱਤੀ ਜਾਵੇਗੀ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।
ਸੰਪਰਕ: 647-205-5909, 416-618-3358

ਵਰਕਰਾਂ ਦੀ ਲੋੜ
ਫਾਰਮ ਅਤੇ ਨਰਸਰੀ ਵਿਚ ਕੰਮ ਕਰਨ ਲਈ ਤੁਰੰਤ ਵਰਕਰਾਂ ਦੀ ਲੋੜ ਹੈ। ਵੈਨ ਚਲਾਉਣ ਲਈ ਡਰਾਇਵਰ ਦੀ ਵੀ ਲੋੜ ਹੈ।
ਸੰਪਰਕ: 647-391-3365

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005

AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-

Karnail Singh
416.670.3173 | 905.799.7333
27 Edvac Dr, Brampton, ON L6S 5X8

ਜ਼ਰੂਰ ਜਾਣੋ; ਗਿਆਨ ਗੰਗਾ
।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224



KAMAL SANDHU
Sales Representative
647.891.0143
RE/MAX GOLD
realtorkamalsandhu@gmail.com
www.arearealtor.com
Looking For a Nest..? Call the Best

CLOSING IN APRIL 2021
Bedroom 4 | Bathroom 2+1
Size (Sq.Ft.) 2455 | Home Details 42'
EXCLUSIVE FOR SALE IN WOODSTOCK

EXCLUSIVE
JAMES C
CLOSING IN APRIL 2021
Bedroom 4 | Bathroom 2+1
Size (Sq.Ft.) 2250 | Home Details 36'
3+1 bdrms with finished Basement

Kamal Sandhu 647-891-0143
Re/Max Gold Realty Inc Brokerage
Just listed for sale on MLS, 5 Sedgegrass way Brampton
KAMAL SANDHU RE/MAX GOLD REALTY INC BROKERAGE

# ਤੋਤਾ ਰਾਮ ਗੁਲਾਟੀ ਵਰਗਿਆਂ ਆਸਰੇ ਸੋਚ ਨੂੰ ਅੱਗੇ ਵਧਾ ਰਿਹੈ ਸੰਘ ਪਰਵਾਰ



ਜਤਿੰਦਰ ਪੰਨੂ

ਕੋਈ ਢਾਈ ਦਹਾਕੇ ਪਹਿਲਾਂ ਜਰਮਨ ਮੂਲ ਦੇ ਇੱਕ ਗੋਰੇ ਨੂੰ ਬ੍ਰਿਟੇਨ ਵਿੱਚ ਕਿਸੇ ਦੇ ਘਰ ਮਿਲੇ ਤਾਂ ਉਸ ਨੇ ਕਿਹਾ ਸੀ ਕਿ ਇਤਿਹਾਸ ਨੂੰ ਕੋਈ ਸਦੀਵੀ ਸੱਚ ਨਹੀਂ ਮੰਨ ਲੈਣਾ ਚਾਹੀਦਾ, ਇਹ ਲਿਖਿਆ ਘੱਟ ਅਤੇ ਲਿਖਾਇਆ ਵੱਧ ਜਾਂਦਾ ਹੈ ਤੇ ਇਹੋ ਕਾਰਨ ਹੈ ਕਿ ਹੁਕਮਰਾਨ ਜ਼ਾਲਮ ਵੀ ਹੋਵੇ ਤਾਂ ਉਸ ਦੇ ਐਬ ਲੁਕਾ ਲਏ ਜਾਂਦੇ ਹਨ। ਗੱਲ ਦੂਸਰੀ ਸੰਸਾਰ ਜੰਗ ਦੇ ਦੌਰਾਨ ਹਿਟਲਰ ਵੱਲੋਂ ਕੀਤੇ ਕਤਲੇਆਮ ਅਤੇ ਉਸ ਪਿੱਛੇ ਕੰਮ ਕਰਦੀ ਸੋਚ ਨੂੰ ਹਿਟਲਰ ਵੱਲੋਂ ਸਭ ਤੋਂ ਉੱਤਮ ਮੰਨੇ ਜਾਣ ਦੀ ਨੀਤੀ ਬਾਰੇ ਹੋ ਰਹੀ ਸੀ। ਜਰਮਨ ਨੌਜਵਾਨ ਸਾਫ ਕਹਿੰਦਾ ਸੀ ਕਿ ਉਹ ਹਿਟਲਰ ਦਾ ਹਮਾਇਤੀ ਨਹੀਂ, ਪਰ ਅਗਲੀ ਗੱਲ ਇਹ ਵੀ ਜ਼ੋਰ ਨਾਲ ਕਹਿੰਦਾ ਸੀ ਕਿ ਜੇ ਹਿਟਲਰ ਜਿੱਤ ਜਾਂਦਾ ਤਾਂ ਅੱਜ ਉਸ ਨੂੰ ਗਾਲ੍ਹਾਂ ਕੱਢਣ ਵਾਲੇ ਇਤਿਹਾਸਕਾਰਾਂ ਦੀ ਇੱਕ ਵੱਡੀ ਗਿਣਤੀ ਨੇ ਉਸੇ ਹਿਟਲਰ ਨੂੰ ਸੰਸਾਰ ਦਾ ਸਭ ਤੋਂ ਵਧੀਆ ਹਾਕਮ ਸਾਬਤ ਕਰਦੇ ਹੋਣਾ ਸੀ। ਸ਼ਾਇਦ ਉਹ ਨੌਜਵਾਨ ਠੀਕ ਹੋ ਸਕਦਾ ਹੈ, ਇਹ ਗੱਲ ਓਦੋਂ ਮੇਰੇ ਮਨ ਵਿੱਚ ਨਹੀਂ ਸੀ, ਅੱਜ ਭਾਰਤ ਵਿੱਚ ਜੋ ਹੁੰਦਾ ਪਿਆ ਹੈ ਤੇ ਜਿਵੇਂ ਮੌਕੇ ਦੇ ਮਾਲਕ ਦੀ ਸੋਚ ਦੀ ਮਾਰ ਹੇਠ ਆਉਂਦੇ ਭਾਈਚਾਰਿਆਂ ਨਾਲ ਜੁੜੇ ਵੱਡੇ ਲੋਕ ਉਸੇ ਮਾਲਕ ਦੀ ਖੁਸ਼ੀ ਖਾਤਰ ਉਸ ਮੂਹਰੇ ਲੇਟਣੀਆਂ ਲੈਂਦੇ ਦਿੱਸਦੇ ਹਨ, ਉਸ ਤੋਂ ਜਾਪਦਾ ਹੈ ਕਿ ਉਹ ਨੌਜਵਾਨ ਠੀਕ ਕਹਿੰਦਾ ਹੋ ਸਕਦਾ ਹੈ।

ਰਾਸ਼ਟਰੀ ਸੋਇਮ ਸੇਵਕ ਸੰਘ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਦੀ ਆਪਣੀ ਸੋਚ ਨੂੰ ਕਦੀ ਲੁਕਾ ਕੇ ਨਹੀਂ ਰੱਖ ਸਕਿਆ। ਆਪਣੇ ਮੁੱਢ ਤੋਂ ਉਸ ਦੇ ਆਗੂਆਂ ਨੇ ਇਹ ਗੱਲ ਹਿੱਕ ਠੋਕ ਕੇ ਆਖੀ ਹੈ ਕਿ ਭਾਰਤ ਹਿੰਦੂਆਂ ਦੇ ਲਈ ਪਹਿਲੇ ਦਰਜੇ ਦੇ ਨਾਗਰਿਕ ਵਾਲਾ ਹੋਵੇ ਤੇ ਹੋਰਨਾਂ ਭਾਈਚਾਰਿਆਂ, ਖਾਸ ਕਰ ਕੇ ਮੁਸਲਿਮ ਭਾਈਚਾਰੇ ਵਾਲਿਆਂ ਨੂੰ ਏਥੇ ਬਰਾਬਰੀ ਦਾ ਦਰਜਾ ਨਹੀਂ ਹੋਣਾ ਚਾਹੀਦਾ। ਵਿੱਚ-ਵਿਚਾਲੇ ਕਦੇ-ਕਦੇ ਇਹ ਲੋਕ ਦੂਸਰੇ ਭਾਈਚਾਰਿਆਂ ਦੇ ਕੁਝ ਲੋਕਾਂ ਨੂੰ ਨਾਲ ਜੋੜ ਕੇ ਇਹ ਵਿਖਾਉਣ ਦਾ ਯਤਨ ਕਰਦੇ ਹਨ ਕਿ ਉਹ ਉਨ੍ਹਾਂ ਭਾਈਚਾਰਿਆਂ ਦਾ ਵੀ ਸਤਿਕਾਰ ਕਰਦੇ ਹਨ, ਪਰ ਅਸਲ ਵਿੱਚ ਇਹ ਬਾਹਰੀ ਪ੍ਰਭਾਵ ਹੀ ਹੁੰਦਾ ਹੈ। ਜਦੋਂ ਇਹ ਪਤਾ ਹੋਵੇ ਕਿ ਇਸ ਪ੍ਰਭਾਵ ਨੂੰ ਨਕਾਰ ਕੇ ਆਪਣੇ ਭਾਈਚਾਰੇ ਦੇ ਲੋਕਾਂ ਨੂੰ ਲਾਮਬੰਦ ਕਰਨ ਦਾ ਸਮਾਂ ਹੈ, ਓਦੋਂ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਵੱਲੋਂ ਮੁਸਲਿਮ ਆਗੂ ਦੀ ਭੇਟ ਕੀਤੀ ਹੋਈ ਟੋਪੀ ਲੈਣ ਤੋਂ ਭਰੇ ਸਮਾਗਮ ਵਿੱਚ ਇਨਕਾਰ ਕਰ ਕੇ ਅੰਦਰਲਾ ਸੱਚ ਜ਼ਾਹਰ ਕਰਨਾ ਵੀ ਜ਼ਰੂਰੀ ਸਮਝਦੇ ਹਨ।

ਹੈਰਾਨੀ ਇਸ ਗੱਲ ਦੀ ਕੋਈ ਨਹੀਂ ਕਿ ਆਰ ਐੱਸ ਐੱਸ ਅਤੇ ਇਸ ਨਾਲ ਜੁੜੀ ਰਾਜਨੀਤੀ ਕਰਨ ਵਾਲੇ ਆਗੂਆਂ ਦਾ ਦੂਸਰੇ ਭਾਈਚਾਰਿਆਂ ਵੱਲ ਕੀ ਰੁਖ ਹੈ, ਸਗੋਂ ਇਸ ਗੱਲ ਬਾਰੇ ਹੈ ਕਿ ਦੂਸਰੇ ਭਾਈਚਾਰਿਆਂ ਵਿਚਲੇ ਕੁਝ ਹੱਦੋਂ ਬਾਹਰੇ ਚਾਪਲੂਸ ਬੰਦੇ ਇਸ ਸੋਚਣੀ ਨੂੰ ਵਡਿਆਉਣ ਵਿੱਚ ਹੱਦਾਂ ਪਾਰ ਕਰ ਜਾਂਦੇ ਹਨ। ਇਹ ਕੰਮ ਇਸ ਵਾਰੀ ਭਾਰਤ ਦੇ ਪ੍ਰਮੁੱਖ ਵਕੀਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸਿੱਖਾਂ ਦੇ ਦਸਵੇਂ ਗੁਰੂ ਸਾਹਿਬ ਵੱਲੋਂ ਲਿਖੀ ਦੱਸੀ ਜਾਂਦੀ ਇੱਕ ਕਿਤਾਬ ਭੇਟ ਕਰ ਕੇ ਕੀਤਾ ਹੈ। ਸਿੱਖ ਵਿਦਵਾਨ ਏਦਾਂ ਦੀ ਕਿਸੇ ਲਿਖਤ ਨੂੰ ਹਕੀਕਤ ਨਹੀਂ ਮੰਨਦੇ। ਇਸ ਦਾ ਦੂਸਰਾ ਪਾਸਾ ਇਹ ਹੈ ਕਿ ਸਿੱਖਾਂ ਦੇ ਕੁਝ ਧਾਰਮਿਕ ਆਗੂ ਵੀ ਪਿਛਲੇ ਸਮੇਂ ਵਿੱਚ ਭਾਜਪਾ ਨਾਲ ਅਕਾਲੀ ਦਲ ਦੀ ਸਾਂਝ ਦੇ ਸਮੇਂ ਇਹ ਸਾਬਤ ਕਰਨ ਵਾਲੇ ਬਿਆਨ ਦਿੱਤਾ ਕਰਦੇ ਸਨ ਕਿ ਗੁਰੂ ਨਾਨਕ ਸਾਹਿਬ ਭਗਵਾਨ ਰਾਮ ਦੀ ਕੁੱਲ ਵਿੱਚੋਂ ਹੋਏ ਹਨ। ਇਹ ਵਿਆਖਿਆਨ ਸ੍ਰੀ ਅਕਾਲ ਤਖਤ ਦਾ ਇੱਕ ਸਾਬਕਾ ਜਥੇਦਾਰ ਬੜਾ ਖੁੱਲ੍ਹ ਕੇ ਕਰਦਾ ਰਿਹਾ ਹੈ। ਕਹਿੰਦੇ ਹਨ ਕਿ ਉਹ ਜਥੇਦਾਰ ਏਦਾਂ ਦੀ ਵਿਆਖਿਆ ਭਾਜਪਾ ਆਗੂਆਂ ਦੇ ਰਾਹੀਂ ਅਕਾਲੀ ਲੀਡਰਸ਼ਿਪ ਉੱਤੇ ਦਬਾਅ ਪਾ ਕੇ ਆਪਣੇ ਲਈ ਜਥੇਦਾਰੀ ਜਾਂ ਇਸ ਦੇ ਬਰਾਬਰ ਦੀ ਪਦਵੀ ਲੈਣ ਦਾ ਜੁਗਾੜ ਕਰਨ ਵਾਸਤੇ ਕਰਿਆ ਕਰਦਾ ਸੀ। ਹੋ ਸਕਦਾ ਹੈ ਕਿ ਏਦਾਂ ਹੀ ਹੋਵੇ।

ਉਹ ਇਕੱਲਾ ਏਦਾਂ ਦਾ ਨਹੀਂ ਸੀ, ਮੁਸਲਿਮ ਭਾਈਚਾਰੇ ਵਿੱਚ ਵੀ ਕੁਝ ਲੋਕ ਸਿਰਫ ਇੱਕ ਪਾਰਲੀਮੈਂਟ ਸੀਟ ਜਾਂ ਕੇਂਦਰ ਦੀ ਵਜ਼ੀਰੀ ਖਾਤਰ ਆਰ ਐੱਸ ਐੱਸ ਅਤੇ ਭਾਜਪਾ ਨੂੰ ਮੁਸਲਿਮ ਭਾਈਚਾਰੇ ਦੀ ਸਭ ਤੋਂ ਵੱਡੀ ਹਿਤੈਸ਼ੀ ਪਾਰਟੀ ਸਾਬਤ ਕਰਨ ਲੱਗ ਜਾਇਆ ਕਰਦੇ ਹਨ। ਇਸ ਤੋਂ ਸਾਫ ਹੈ ਕਿ ਇਸ ਵਕਤ ਆਰ ਐੱਸ ਐੱਸ ਵਾਲੀ ਸੋਚ ਚੋਖੀ ਚੜ੍ਹਤ ਵਿੱਚ ਹੋਣ ਕਾਰਨ ਇਹ ਲੋਕ ਆਪਣੇ ਨਿੱਜੀ ਲਾਭਾਂ ਲਈ ਉਸ ਸੋਚ ਦੇ ਸੇਵਾਦਾਰ ਬਣਨ ਲਈ ਤਿਆਰ ਹਨ। ਬੀਤੇ ਹਫਤੇ ਚਿਤਰਕੂਟ ਵਿੱਚ ਆਰ ਐੱਸ ਐੱਸ ਦੀ ਸਿਖਰਲੀ ਲੀਡਰਸ਼ਿਪ ਦੀ ਬੈਠਕ ਵਿੱਚ ਇਹ ਵੀ ਫੈਸਲਾ ਹੋਇਆ ਸੁਣਿਆ ਹੈ ਕਿ ਹਿੰਦੂਤੱਵ ਦੀ ਝੰਡਾ-ਬਰਦਾਰ ਇਸ ਸੰਸਥਾ ਦੀਆਂ ਰੋਜ਼ਾਨਾ ਸ਼ਾਖਾਵਾਂ ਵਿੱਚ ਮੁਸਲਿਮ ਨੌਜਵਾਨਾਂ ਨੂੰ ਲਿਆ ਕੇ ਮੁੱਖ-ਧਾਰਾ ਦਾ ਅੰਗ ਬਣਾਉਣ ਦੀ ਸ਼ੁਰੂਆਤ ਕਰਨੀ ਹੈ। ਉਨ੍ਹਾਂ ਵਿੱਚੋਂ ਬਹੁਤ ਸਾਰੇ ਇਸ ਪਿੱਛੋਂ ਇਨ੍ਹਾਂ ਦੇ ਕਹੇ ਉੱਤੇ ਤੜਕੇ ਚਾਰ ਵਜੇ ਗਰਾਊਂਡ ਵਿੱਚ ਪਰੇਡ ਕਰਨ ਲਈ ਜਾਣ ਲੱਗ ਜਾਣ ਤਾਂ ਕੋਈ ਹੈਰਾਨੀ ਨਹੀਂ ਹੋਣੀ ਚਾਹੀਦੀ। ਕਾਰਨ ਇਹ ਹੈ ਕਿ ਬਹੁਤ ਕੱਟੜ ਸੋਚਣੀ ਵਾਲਿਆਂ ਹਾਕਮਾਂ ਦੇ ਨਾਲ ਵੀ ਨਿੱਜੀ ਲਾਭਾਂ ਲਈ ਹਰ ਯੁੱਗ ਵਿੱਚ ਉਨ੍ਹਾਂ ਦੇ ਵਿਰੋਧੀ ਪੱਖ ਵਿਚਲੇ ਕੁਝ ਲੋਕ ਜੁੜ ਜਾਂਦੇ ਰਹੇ ਹਨ ਅਤੇ ਅੱਜ ਜੋ ਕੁਝ ਹੋ ਰਿਹਾ ਹੈ, ਉਹ ਕੋਈ ਅਲੋਕਾਰ ਗੱਲ ਨਹੀਂ ਸਮਝੀ ਜਾ ਸਕਦੀ।

ਸਾਨੂੰ ਆਪਣੇ ਕੁਝ ਬਜ਼ੁਰਗਾਂ ਤੇ ਆਪਣੇ ਤੋਂ ਸੀਨੀਅਰ ਕੁਝ ਪੱਤਰਕਾਰਾਂ ਤੋਂ ਸੁਣੀ ਇਹ ਗੱਲ ਅੱਜ ਤੀਕ ਚੇਤੇ ਹੈ ਕਿ ਭਾਰਤ-ਪਾਕਿ ਵੰਡ ਵੇਲੇ ਇੱਕ ਹਿੰਦੂ ਪਰਵਾਰ ਜਦੋਂ ਭਾਰਤ ਨੂੰ ਆਇਆ ਤਾਂ ਉਨ੍ਹਾਂ ਦਾ ਬਾਪੂ ਓਥੇ ਰਹਿ ਗਿਆ ਕਿ ਜੇ ਹਾਲਾਤ ਸੁਖਾਵੇਂ ਹੋਏ ਤਾਂ ਪਰਵਾਰ ਵਾਪਸ ਆਉਣ ਤੱਕ ਜਾਇਦਾਦ ਦਾ ਖਿਆਲ ਰੱਖੇਗਾ। ਦੇਸ਼ ਦੀ ਵੰਡ ਨੇ ਨਵੀਂ ਕਿਸਮ ਦਾ ਪਾਟਕ ਪਾ ਦਿੱਤਾ, ਜਿਹੜਾ ਇਤਹਾਸ ਵਿੱਚ ਕਦੇ ਵਾਪਰਿਆ ਨਹੀਂ ਸੀ ਤੇ ਪਿਛਾਂਹ ਪਰਤਣ ਦੀ ਕੋਈ ਸੰਭਾਵਨਾ ਹੀ ਨਾ ਰਹੀ ਅਤੇ ਪੁੱਤਰਾਂ ਨੇ ਜਿਉਂਦਾ ਬਾਪੂ ਵਿੱਛੜ ਜਾਣ ਨੂੰ ਭਾਣਾ ਸਮਝ ਕੇ ਜਰ ਲਿਆ, ਪਰ ਬਾਪੂ ਖੁਦ ਕੋਈ ਫੈਸਲਾ ਨਾ ਲੈ ਸਕਿਆ ਤੇ ਓਥੋਂ ਵਾਲਿਆਂ ਦੀ ਬੁਲਾਈ ਬੋਲੀ ਬੋਲਣ ਲੱਗ ਪਿਆ। ਤੋਤਾ ਰਾਮ ਗੁਲਾਟੀ ਨਾਂਅ ਦਾ ਬਜ਼ੁਰਗ ਗਾਲੜੀ ਕਿਸਮ ਦਾ ਬੰਦਾ ਸੀ, ਓਧਰਲੀ ਹਕੂਮਤ ਨੇ ਉਸ ਦੇ ਇਸ ਗੁਣ ਨੂੰ ਭਾਰਤ ਦੇ ਵਿਰੁੱਧ ਵਰਤਿਆ ਅਤੇ ਲਾਹੌਰ ਰੇਡੀਓ ਤੋਂ ਪੰਜਾਬੀ ਪ੍ਰੋਗਰਾਮ ਵਿੱਚ ਪੇਸ਼ ਕਰਨ ਲੱਗ ਪਏ। ਉਹ ਰੋਜ਼ ਸ਼ਾਮ ਵੇਲੇ ਲਾਹੌਰ ਰੇਡੀਓ ਤੋਂ ਭਾਰਤ ਦੇ ਲੋਕਾਂ ਨੂੰ ਇਹ ਸੁਣਾਇਆ ਕਰੇ ਕਿ ਆਪੋ ਆਪਣੇ ਧਰਮ ਨੂੰ ਮੰਨਣ ਦੀ ਜਿੰਨੀ ਆਜ਼ਾਦੀ ਪਾਕਿਸਤਾਨ ਵਿੱਚ ਹੈ, ਓਦਾਂ ਦੀ ਆਜ਼ਾਦੀ ਦਾ ਸੁਫਨਾ ਵੀ ਭਾਰਤ ਦੇ ਲੋਕ ਨਹੀਂ ਲੈ ਸਕਦੇ। ਏਧਰ ਉਸ ਦੇ ਪੁੱਤਰ ਮੱਥੇ ਨੂੰ ਹੱਥ ਮਾਰ ਕੇ ਰੋਇਆ ਕਰਦੇ ਸਨ ਕਿ ਬਾਪੂ ਦੀ ਮਜਬੂਰੀ ਕਾਰਨ ਤੋਤਾ ਰਾਮ ਨੂੰ ਪਾਕਿਸਤਾਨ ਦੇ ਲਾਹੌਰ ਰੇਡੀਓ ਦੇ ਪ੍ਰਬੰਧਕਾਂ ਨੇ ਆਪਣਾ ਤੋਤਾ ਬਣਾ ਕੇ ਬੁਲਾਏ ਮੁਤਾਬਕ ਬੋਲਣ ਵਾਲੇ ਕੰਮ ਲਾ ਲਿਆ ਹੈ। ਇਹੋ ਕੁਝ ਅੱਜਕੱਲ੍ਹ ਭਾਰਤ ਵਿੱਚ ਹੋ ਰਿਹਾ ਹੈ। ਏਥੇ ਵੀ ਭਾਜਪਾ ਆਗੂਆਂ ਤੋਂ ਚੰਦ ਲਾਭਾਂ ਦੀ ਆਸ ਵਿੱਚ ਬਹੁਤ ਸਾਰੇ 'ਤੋਤਾ ਖਾਨ' ਅਤੇ 'ਤੋਤਾ ਸਿੰਘ' ਉਨ੍ਹਾਂ ਪਿੱਛੇ ਅੱਜ ਇਹ ਤਰਲੇ ਕੱਢਦੇ ਮਿਲ ਸਕਦੇ ਹਨ ਕਿ ਸੇਵਾ ਦਾ ਮੌਕਾ ਸਿਰਫ ਸਾਨੂੰ ਦਿਓ ਜੀ, ਸਾਥੋਂ ਵੱਡਾ ਚਾਪਲੂਸ ਸਾਰੀ ਦੁਨੀਆ ਵਿੱਚ ਤੁਹਾਨੂੰ ਕੋਈ ਨਹੀਂ ਮਿਲ ਸਕਣਾ।

ਜਦੋਂ ਏਦਾਂ ਦੇ ਲੋਕਾਂ ਵਿੱਚੋਂ ਕੋਈ ਸਾਨੂੰ ਇਹ ਸਮਝਾਉਣ ਵਾਲੀ ਕੋਸ਼ਿਸ਼ ਕਰਦਾ ਹੈ ਕਿ ਭਾਜਪਾ ਹੀ ਭਾਰਤ ਦੀਆਂ ਘੱਟ-ਗਿਣਤੀਆਂ ਦੀ ਸਭ ਤੋਂ ਵੱਡੀ ਹਿਤੈਸ਼ੀ ਹੈ ਤਾਂ ਸਾਨੂੰ ਕਦੀ ਲਾਹੌਰ ਰਹਿ ਗਿਆ ਤੋਤਾ ਰਾਮ ਗੁਲਾਟੀ ਯਾਦ ਆ ਜਾਂਦਾ ਹੈ ਅਤੇ ਕਦੀ ਜਰਮਨ ਮੂਲ ਦਾ ਉਹ ਨੌਜਵਾਨ, ਜਿਹੜਾ ਢਾਈ ਕੁ ਦਹਾਕੇ ਪਹਿਲਾਂ ਅਚਾਨਕ ਮਿਲਿਆ ਸੀ। ਉਸ ਦੀ ਇਸ ਗੱਲ ਵਿੱਚ ਦਮ ਜਾਪਣ ਲੱਗਦਾ ਹੈ ਕਿ ਇਤਿਹਾਸ ਲਿਖਿਆ ਨਹੀਂ ਜਾਂਦਾ, ਲਿਖਾਇਆ ਜਾ ਸਕਦਾ ਹੈ, ਲਿਖਾਉਣ ਵਾਲਿਆਂ ਦੇ ਕੋਲ ਤਾਕਤ ਚਾਹੀਦੀ ਹੈ, ਚਾਪਲੂਸਾਂ ਨੂੰ ਵੰਡਣ ਲਈ ਰਿਓੜੀਆਂ ਚਾਹੀਦੀਆਂ ਹਨ, ਇੱਕ ਲੱਭਣ ਜਾਓ ਤਾਂ ਇੱਕ ਹਜ਼ਾਰ ਏਦਾਂ ਦੇ ਮਿਲ ਜਾਣਗੇ, ਜਿਹੜੇ ਇਸ ਦੇਸ਼ ਦੇ ਭਵਿੱਖ ਨੂੰ ਕੁਰਾਹੇ ਪਾਉਣ ਲਈ ਜਮੂਰੇ ਬਣਨ ਨੂੰ ਤਿਆਰ ਹਨ।

# ਰੈਡ ਵਿੱਲੋ ਕਲੱਬ ਵਲੋਂ ਪ੍ਰੋਗਰਾਮਾਂ ਦੀ ਰੂਪ-ਰੇਖਾ

(ਹਰਜੀਤ ਬੇਦੀ)

ਬਰੈਂਪਟਨ ਦੇ ਰੈਂਡ ਵਿੱਲੋ ਸੀਨੀਅਰਜ਼ ਕਲੱਬ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਪਿਛਲੇ ਦਿਨੀ ਗੁਰਨਾਮ ਸਿੰਘ ਗਿੱਲ ਦੀ ਪਰਧਾਨਗੀ ਹੇਠ ਹੋਈ। ਕਾਫੀ ਸਮੇਂ ਬਾਦ ਹੋਈ ਮੀਟਿੰਗ ਵਿੱਚ ਇੱਕ ਦੂਜੇ ਤੋਂ ਪਰਿਵਾਰਾਂ ਦਾ ਹਾਲ ਚਾਲ ਪੁੱਛਿਆ ਗਿਆ।। ਇਸ ਗੱਲ ਤੇ ਤਸੱਲੀ ਪਰਗਟ ਕੀਤੀ ਕਿ ਮਹਾਂਮਾਰੀ ਦੇ ਦੌਰ ਵਿੱਚ ਅਸੀਂ ਮੁੜ ਮਿਲ ਕੇ ਭਾਈਚਾਰਕ ਸਾਂਝ ਪੈਦਾ ਕਰ ਰਹੇ ਹਾਂ। ਦੁਨੀਆਂ ਵਿੱਚ ਲੱਖਾਂ ਲੋਕ ਕਰੋਨਾਂ ਮਹਾਂਮਾਰੀ ਕਾਰਨ ਆਪਣੀਆਂ ਜਾਨਾਂ ਗੁਆ ਚੁੱਕੇ ਹਨ। ਮੀਟਿੰਗ ਸ਼ੁਰੂ ਹੋਣ ਤੇ ਪਿਛਲੇ ਸਮੇਂ ਸਦੀਵੀ ਵਿਛੋੜਾ ਦੇ ਗਏ ਕਲੱਬ ਮੈਂਬਰਾਂ ਰਵਿੰਦਰ ਕੌਰ ਪੰਨੂ ਪਤਨੀ ਕੈਪਟਨ ਰਣਜੋਧ ਸਿੰਘ,ਟੇਕ ਚੰਦ ਸ਼ਰਮਾ,ਹਰਦੇਵ ਸਿੰਘ ਰਾੜਾ ਅਤੇ ਮੁਖਤਿਆਰ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।

ਮੀਟਿੰਗ ਵਿੱਚ ਮਾਸਟਰ ਕੁਲਵੰਤ ਸਿੰਘ, ਅਮਰਜੀਤ ਸਿੰਘ, ਸ਼ਿਵਦੇਵ ਸਿੰਘ ਰਾਏ, ਪ੍ਰੋ: ਬਲਵੰਤ ਸਿੰਘ, ਜੋਗਿੰਦਰ ਸਿੰਘ ਪੱਡਾ, ਬਲਵੰਤ ਸਿੰਘ ਕਲੇਰ, ਹਿੰਮਤ ਸਿੰਘ ਲੱਛੜ, ਪਰਮਜੀਤ ਬੜਿੰਗ, ਮਹਿੰਦਰ ਕੌਰ ਪੱਡਾ, ਬਲਜੀਤ ਕੌਰ ਸੇਖੋਂ, ਨਿਰਮਲਾ ਪ੍ਰਾਸ਼ਰ,ਬਲਜੀਤ ਕੌਰ ਗਰੇਵਾਲ ਅਤੇ ਇੰਦਰਜੀਤ ਕੌਰ ਗਿੱਲ ਹਾਜ਼ਰ ਸਨ। ਮੀਟਿੰਗ ਵਿੱਚ ਸ਼ਾਮਲ ਸਾਰੇ ਮੈਂਬਰਾਂ ਨੇ ਵਿਚਾਰ ਵਟਾਂਦਰੇ ਵਿੱਚ ਭਾਗ ਲਿਆ। ਕੁੱਝ ਮਸਲਿਆਂ ਤੇ ਵੱਖਰੀ ਰਾਇ ਹੋਣ ਕਰ ਕੇ ਉਸਾਰੂ ਬਹਿਸ ਵੀ ਹੋਈ। ਸੋਚ ਵਿਚਾਰ ਬਾਦ ਇਹ ਫੈਸਲਾ ਕੀਤਾ ਗਿਆ ਕਿ ਪ੍ਰਸ਼ਾਸ਼ਨ ਦੀਆਂ ਹਦਾਇਤਾਂ ਅਨੁਸਾਰ ਅਗਸਤ/ਸਤੰਬਰ ਵਿੱਚ ਸਾਰੇ ਕਲੱਬਾਂ ਨਾਲ ਸਾਂਝਾ ਪਰੋਗਰਾਮ ਕੀਤਾ ਜਾਵੇ। ਜਿਸ ਵਿੱਚ ਕਨੇਡਾ ਡੇਅ, ਭਾਰਤ ਦਾ ਆਜਾਦੀ ਦਿਵਸ ਮਨਾਏ ਜਾਣ ਅਤੇ ਸੀਨੀਅਰਜ਼ ਦੀਆਂ ਖੇਡਾਂ ਹੋਣ। ਇਸ ਤੋਂ ਬਿਨਾਂ ਇਹ ਫੈਸਲਾ ਵੀ ਕੀਤਾ ਗਿਆ ਕਿ ਅਗਸਤ/ਸਤੰਬਰ ਵਿੱਚ ਕਲੱਬ ਵਲੋਂ 2 ਜਾਂ 3 ਟੂਰ ਲਾਏ ਜਾਣ। ਸਥਾਨਾਂ ਦੀ ਚੋਣ ਕਲੱਬ ਮੈਂਬਰਾਂ ਦੀ ਸਲਾਹ ਨਾਲ ਕੀਤੀ ਜਾਵੇਗੀ।

ਡਾਇਰੈਕਟਰਜ਼ ਵਲੋਂ ਇਹ ਮਹਿਸੂਸ ਕੀਤਾ ਗਿਆ ਕਿ ਕਲੱਬ ਪਾਸ ਜੋ ਮੇਜ ਕੁਰਸੀਆਂ ਹਨ ਪ੍ਰੋਗਰਾਮ ਸਮੇਂ ਵੱਧ ਉਮਰ ਕਾਰਣ ਸੀਨੀਅਰਜ਼ ਨੂੰ ਉਹਨਾਂ ਦੀ ਢੋਅ ਢੁਆਈ ਸਮੇਂ ਮੁਸ਼ਕਲ ਪੇਸ਼ ਆਉਂਦੀ ਹੈ। ਇਸ ਤੋਂ ਬਿਨਾਂ ਉਨ੍ਹਾਂ ਨੂੰ ਰੱਖਣ ਦੀ ਜਗ੍ਹਾ ਦੀ ਵੀ ਸਮੱਸਿਆ ਹੈ। ਕਾਫੀ ਟੈਂਟ ਖੁਲ੍ਹ ਜਾਣ ਕਾਰਣ ਠੀਕ ਰੇਟ ਤੇ ਇਹ ਚੀਜ਼ਾਂ ਕਿਰਾਏ ਤੇ ਮਿਲ ਜਾਂਦੀਆਂ ਹਨ। ਇਸ ਬਾਰੇ ਕੁੱਝ ਕਰਨ ਲਈ ਅੰਤਿਮ ਫੈਸਲਾ ਮੈਂਬਰਾਂ ਦੀ ਸਲਾਹ ਨਾਲ ਕੀਤਾ ਜਾਵੇਗਾ। ਅਗਲੀ ਮੀਟਿੰਘ ਜੁਲਾਈ ਦੇ ਅੰਤ ਜਾਂ ਅਗਸਤ ਦੇ ਪਹਿਲੇ ਹਫਤੇ ਹੋਵੇਗੀ ਜਿਸ ਵਿੱਚ ਫੈਸਲਿਆਂ ਨੂੰ ਅੰਤਮ ਰੂਪ ਦਿੱਤਾ ਜਾਵੇਗਾ।

ਇਸ ਤੋਂ ਇਲਾਵਾ ਸਾਰੇ ਹਾਜ਼ਰ ਡਾਇਰੈਕਟਰਾਂ ਨੇ ਸਾਲ 2021-22 ਦੀ ਮੈਂਬਰਸ਼ਿਪ ਫੀਸ ਮੌਕੇ ਤੇ ਹੀ ਜਮ੍ਹਾ ਕਰਵਾ ਦਿੱਤੀ ਅਤੇ ਮੈਂਬਰਾਂ ਨੂੰ ਇਸ ਦੀ ਜਾਣਕਾਰੀ ਦੇ ਕੇ ਉਹਨਾਂ ਦੀ ਮੈਂਬਰਸ਼ਿਪ ਅਗਲੇ ਦਿਨਾਂ ਵਿੱਚ ਕਰ ਲਈ ਜਾਵੇਗੀ। ਪਰਮਜੀਤ ਬੜਿੰਗ ਨੇ ਸਸਤੇ ਫਿਊਨਰਲ ਬਾਰੇ ਵਿਸਾਰਪੂਰਬਕ ਜਾਣਕਾਰੀ ਦਿੱਤੀ ਤੇ ਦੱਸਿਆ ਕਿ ਇਹ ਰਜਿਸਰਟੇਸ਼ਨ ਫਰੀ ਹੋਵੇਗੀ ਤੇ ਇੱਛਕ ਸੀਨੀਅਰਾਂ ਦੇ ਫਾਰਮ ਬਗੈਰਾ ਵਾਲੰਟੀਅਰ ਤੌਰ ਤੇ ਭਰ ਕੇ ਦਿੱਤੇ ਜਾਣਗੇ। ਇਸ ਦੇ ਨਾਲ ਹੀ ਉਸ ਨੇ ਪ੍ਰੋਵਿੰਸ਼ਲ ਸਰਕਾਰ ਵਲੋਂ ਸੀਨੀਅਰਾਂ ਦੀ ਡੈਂਟਲ ਕੇਅਰ ਯੋਜਨਾ ਬਾਰੇ ਦੱਸਿਆ। ਉਸ ਨੇ ਜਾਣਕਾਰੀ ਦਿੱਤੀ ਕਿ ਕਿਹੜੀਆਂ ਲੋਕੇਸ਼ਨਾਂ ਤੇ ਰਜਿਸਟਰੇਸ਼ਨ ਲਈ ਅਪਾਇੰਟਮੈਂਟ ਵਾਸਤੇ ਬੁਕਿੰਗ ਕਿਵੇਂ ਕਰਵਾਉਣੀ ਹੈ। ਉਸ ਨੇ ਇਹ ਵੀ ਦਸਿਆ ਕਿ ਵੇਟਿੰਗ ਪੀਰੀਅਡ ਬਹੁਤ ਜਿਆਦਾ ਹੈ। ਇਸ ਨੂੰ ਘਟਾਉਣ ਲਈ ਸੀਨੀਅਰਜ ਐਸੋਸੀਏਸ਼ਨ ਵਲੋਂ ਯਤਨ ਕੀਤੇ ਜਾ ਰਹੇ ਹਨ। ਪਿਛਲੇ ਦਿਨੀਂ ਐਸੋਸੀਏਸ਼ਨ ਦਾ ਵਫਦ ਐਮ ਪੀ ਪੀ ਅਮਰਜੋਤ ਸੰਧੂ ਨੂੰ ਮਿਲਿਆ। ਗੱਲਬਾਤ ਦੌਰਾਨ ਇਹ ਸੁਝਾਅ ਦਿੱਤਾ ਕਿ ਵੇਟਿੰਗ ਪੀਰੀਅਡ ਘਟਾਉਣ ਲਈ ਸਰਕਾਰ ਵਲੋਂ ਲੋਕੇਸ਼ਨਾਂ ਦੀ ਗਿਣਤੀ ਵਧਾਉਣ ਦੇ ਨਾਲ ਹੀ ਮੌਜੂਦਾ ਲੋਕੇਸ਼ਨਾਂ ਤੇ ਘੱਟੋ ਘੱਟ ਇਕ ਹੋਰ ਡਾਕਟਰ ਤੇ ਸਹਾਇਕ ਸਟਾਫ ਲਾਇਆ ਜਾਵੇ ਤਾਂ ਕਿ ਵੇਟਿੰਗ ਪੀਰੀਅਡ ਘਟੇ ਤੇ ਸੀਨੀਅਰਜ਼ ਨੂੰ ਰਾਹਤ ਮਿਲ ਸਕੇ। ਅਮਰਜੋਤ ਸੰਧੂ ਨੇ ਭਰੋਸਾ ਦਿਵਾਇਆ ਕਿ ਸਾਰੇ ਮਸਲੇ ਨੂੰ ਸਮਝ ਕੇ ਹੈਲਥ ਮਨਿਸਟਰ ਨਾਲ ਐਸੋਸੀਏਸ਼ਨ ਦੀ ਮੁਲਾਕਾਤ ਕਰਵਾਉਣ ਦੀ ਕੋਸ਼ਿਸ਼ ਕਰੇਗਾ। ਉਸ ਨੇ ਐਸੋਸੀਏਸ਼ਨ ਨੂੰ ਵੀ ਇਹ ਸੁਝਾਅ ਦਿੱਤਾ ਕਿ ਉਹ ਦੂਜੇ ਐਮ ਪੀ ਪੀਜ਼ ਨੂੰ ਵੀ ਮਿਲਣ ਤਾਕਿ ਉਹ ਵਿਧਾਨ ਸਭਾ ਵਿੱਚ ਜੋਰ ਨਾਲ ਆਵਾਜ ਉਠਾ ਸਕੇ।

ਰੈਂਡ ਵਿਲੋ ਕਲੱਬ ਦੇ ਵਾਲੰਟੀਅਰਾਂ ਦੁਆਰਾ 4 ਮਈ 2013 ਤੋਂ ਸ਼ੁਰੂ ਕੀਤੀ ਨੇਬਰਹੁੱਡ ਕਲੀਨਿੰਗ ਲਗਾਤਾਰ ਜਾਰੀ ਹੈ। ਇਸ ਦੌਰ ਵਿੱਚ ਇਸ ਸਾਲ ਵੀ ਸਰਕਾਰੀ ਹਦਾਇਤਾਂ ਦੀ ਪਾਲਣਾ ਕਰਦੇ ਹੋਏ 22 ਮਈ ਤੋਂ ਕਲੀਨਿੰਗ ਦਾ ਕੰਮ ਸ਼ੁਰੂ ਹੈ। ਇਸ ਲਈ ਕਲੱਬ ਵਲੋਂ ਵਾਲੰਟੀਅਰਾਂ ਦੀ ਬਹੁਤ ਸ਼ਲਾਘਾ ਕੀਤੀ ਗਈ। ਹੋਰ ਮੈਂਬਰਾਂ ਨੂੰ ਵੀ ਇਸ ਸਮਾਜ ਸੇਵੀ ਕੰਮ ਵਿੱਚ ਹਿੱਸਾ ਪਾਉਣ ਦੀ ਬੇਨਤੀ ਕੀਤੀ ਗਈ।

# ਖੇਤੀ ਨੂੰ ਹੁਲਾਰਾ ਕਿਵੇਂ ਦੇਈਏ



ਡਾ. ਅਮਨਪ੍ਰੀਤ ਸਿੰਘ ਬਰਾੜ
9653790000

ਪਿਛਲੇਸਾਲ ਪਾਸ ਕੀਤੇ ਦੋ ਖੇਤੀ ਕਾਨੂੰਨ ਅਤੇ ਇਕ ਜਰੂਰੀ ਵਸਤ ਕਾਨੂੰਨ ਜੋ ਆਪਸ ਵਿੱਚ ਇਕ ਦੂਜੇ ਨਾਲ ਜੁੜੇ ਹੋਏ ਹਨ ਬਹੁਤ ਵੱਡੀ ਚਰਚਾ ਵਿੱਚ ਹਨ। ਆਜ਼ਾਦ ਭਾਰਤ ਵਿਚ ਸ਼ਾਇਦ ਹੀ ਕਿਸੇ ਕਾਨੂੰਨ ਦਾ ਏਡੇ ਵੱਡੇ ਪੱਧਰ ਤੇ ਵਿਰੋਧ ਹੋਇਆ ਹੋਵੇਗਾ ਅਤੇ ਅਜੇ ਭੀ ਇਹ ਵਿਰੋਧ ਥੰਮਣ ਦਾ ਕੋਈ ਆਸਾਰ ਨਜ਼ਰ ਨਹੀਂ ਆ ਰਿਹਾ ਕਿਉਂਕਿ ਸਰਕਾਰ ਕਹਿੰਦੀ ਹੈ ਕਿ ਇਹ ਕਾਨੂੰਨ ਕਿਸਾਨਾਂ ਦੇ ਹਿੱਤ ਵਿੱਚ ਹਨ ਪਰ ਸਮੱਚੀ ਕਿਸਾਨੀ ਇਹਨਾਂ ਕਾਨੂੰਨਾਂ ਨੂੰ ਕਿਸਾਨ ਮਾਰੂ ਸਮਝਦੀ ਹੈ। ਕੋਈ ਭੀ ਧਿਰ ਪਿੱਛੇ ਹਟਣ ਨੂੰ ਤਿਆਰ ਨਹੀ। ਆਖਿਰ ਸਰਕਾਰ ਕਿਉਂ ਕਿਸਾਨਾਂ ਦੀ ਗੱਲ ਸੁਣਨ ਨੂੰ ਤਿਆਰ ਨਹੀ ਅਤੇ ਕਿਸਾਨਾਂ ਦੀ ਤਸੱਲੀ ਮੁਤਾਬਕ ਇਹਨਾਂ ਕਾਨੂੰਨਾ ਵਿੱਚ ਬਦਲਾਅ ਕਿਉਂ ਨਹੀਂ ਕਰਦੀ।

ਦਰਾਅਸਲ ਇਹ ਕਾਨੂੰਨ ਕਾਰਪੋਰੇਟ ਘਰਾਣਿਆਂ ਤੇ ਅੰਤਰਰਾਸ਼ਟਰੀ ਮਾਲੀ ਸਹਾਇਤਾ ਦੇਣ ਵਾਲੀਆ ਸੰਸਥਾਵਾਂ ਦੇ ਦਬਾ ਹੇਠ ਲਿਆਂਦੇ ਗਏ ਹਨ।ਅੰਤਰਰਾਸ਼ਟਰੀ ਸਮਸਥਾਵਾਂ ਦਾ ਮੰਨਣਾ ਹੈ ਕਿ ਖੇਤੀਬਾੜੀ ਵਿਚ ਨਿਵੇਸ਼ ਨਹੀਂ ਹੋ ਰਿਹਾ ਇਸ ਕਰਕੇ ਤਰੱਕੀ ਨਹੀਂ ਹੋ ਰਹੀ। ਇਕ ਤਰਕ ਇਹ ਭੀ ਦਿੱਤਾ ਗਿਆ ਹੈ ਕਿ ਛੋਟੇ ਕਿਸਾਨਾਂ ਕੋਲ ਪੂੰਜੀ ਘੱਟ ਹੈ ਅਤੇ ਛੋਟੇ ਫਾਰਮ ਲਾਹੇਵੰਦ ਨਹੀਂ ਹਨ। ਇਹਨਾਂ ਦਾ ਮਨੋਰਥ ਹੈ ਕਿ ਛੋਟੇ ਕਿਸਾਨ ਆਪਣੀ ਜ਼ਮੀਨ ਠੇਕੇ ਤੇ ਦੇਕੇ ਆਪ ਕਾਰਖਾਨਿਆਂ ਵਿੱਚ ਕੰਮ ਕਰਨ ਅਤੇ ਕਾਰਪੋਰੇਟ ਘਰਾਣੇ ਖੇਤੀ ਵਿਚ ਨਿਵੇਸ਼ ਕਰਨ।ਪਰ ਕੇਂਦਰ ਸਰਕਾਰ ਇਹ ਭੁੱਲ ਚੁੱਕੀ ਹੈ ਕਿ ਇਹ ਕਿਸਾਨ ਉਹ ਹਨ ਜਿਨ੍ਹਾਂ ਨੇ ਦੇਸ਼ ਨੂੰ ਖੁਰਾਕ ਵਿੱਚ ਆਤਮ ਨਿਰਭਰ ਕੀਤਾ ਹੈ ਅਤੇ ਅੱਜ ਸਰਕਾਰ ਅੰਨ ਬਰਾਮਦ ਕਰਨ ਦੇ ਸੁਪਨੇ ਦੇਖ ਰਹੀ ਹੈ, ਮੈਂ ਸਰਕਾਰ ਨੂੰ ਯਾਦ ਦਿਵਾਉਣਾ ਚਾਹੁੰਦਾ ਹਾਂ ਕਿ 1965 ਦੀ ਲੜਾਈ ਵਿੱਚ ਅਮਰੀਕਾ ਨੇ ਭਾਰਤ ਨੂੰ ਚੇਤਾਵਨੀ ਦਿੱਤੀ ਸੀ ਕਿ ਜੇ ਕਣਕ ਲੈਣੀ ਹੈ ਤਾਂ ਲੜਾਈ ਬੰਦ ਕਰੋ ਅਤੇ ਅਸੀ ਅਧੀਨਗੀ ਹੇਠ ਆ ਕੇ ਲੜਾਈ ਬੰਦ ਕੀਤੀ। ਤੇ ਉਸ ਵੇਲੇ ਦੀ ਸਰਕਾਰ ਨੇ ਕਿਸਾਨਾਂ ਨੂੰ ਉਤਸ਼ਾਹਿਤ ਕੀਤਾ ਤੇ 1971 ਤੱਕ ਅਸੀ ਆਵਦੇ ਜੋਗੇ ਹੋ ਗਏ ਸੀ ਤੇ ਫੇਰ ਉਸ ਦੇ ਬਾਅਦ ਆਤਮ ਨਿਰਭਰਤਾ ਵੱਲ ਵੱਧਣ ਲੱਗੇ ਯਾਨੀ ਕੇ ਜਦੋਂ ਲੋੜ ਪਵੇ ਤਾਂ ਕਿਸਾਨ ਯਾਦ ਆ ਜਾਂਦੇ ਤੇ ਮਤਲਬ ਨਿਕਲਣ ਤੇ ਦੇਸ਼ ਦੀ ਕਿਸਾਨੀ ਨੂੰ ਸੜਕਾਂ ਤੇ ਰੋਲਿਆ ਜਾਂਦਾ ਹੈ।

ਪਰ ਇੱਕ ਗੱਲ ਹਮੇਸ਼ਾ ਹੀ ਦੇਖਣ ਨੂੰ ਮਿਲਦੀ ਹੈ ਕਿ ਸਮੇਂ ਦੀਆਂ ਸਰਕਾਰਾਂ ਦਾ ਉਦਯੋਗਾਂ ਵੱਲ ਝੁਕਾਅ ਜ਼ਿਆਦਾ ਰਹਿੰਦਾ ਹੈ। ਪਿਛਲੇ ਸਾਲ ਦੀ ਗੱਲ ਕਰੀਏ ਤਾਂ ਸਰਕਾਰ ਨੇ ਕਾਰਪੋਰੇਟ ਟੈਕਸ 30 ਪ੍ਰਤੀਸ਼ਤ ਤੋਂ ਘਟਾ ਕੇ 22 ਪ੍ਰਤੀਸ਼ਤ ਕਰ ਦਿੱਤਾ ਹੈ। ਇਸ ਦਾ ਮੰਤਵ ਸੀ ਕਿ ਕਾਰਪੋਰੇਟ ਘਰਾਣੇ ਬਚੇ ਹੋਏ ਟੈਕਸ ਨੂੰ ਦੁਬਾਰਾ ਦੇਸ਼ ਦੇ ਵਿੱਚ ਨਿਵੇਸ਼ ਕਰਨਗੇ ਪਰ ਹੋਇਆ ਇਸ ਦੇ ਉਲਟ, ਵੱਡੀਆਂ155 ਕੰਪਨੀਆਂ ਨੇ ਲਾੱਕਡਾਊਨ ਦੌਰਾਨ ਹੀ 1 ਲੱਖ 65 ਹਜ਼ਾਰ ਕਰੋੜ ਅਮਰੀਕਾ ਵਿਚ ਜਾ ਨਿਵੇਸ਼ ਕੀਤਾ ਅਤੇ ਉੱਥੇ 1, 25, 000 ਨੌਕਰੀਆਂ ਦੇਣ ਦੀ ਗਾਰੰਟੀ ਲਿਖਤੀ ਰੂਪ ਵਿਚ ਦਿੱਤੀ।

ਹੁਣ ਜੇ ਗੱਲ ਕਰੀਏ ਕਿ ਜੋ ਸਰਕਾਰ ਦਾ ਕਹਿਣਾ ਹੈ ਕਿ ਵੱਡੀਆਂ ਕੰਪਨੀਆਂ ਹੀ ਨਿਵੇਸ਼ ਕਰ ਸਕਦੀਆਂ ਹਨ। ਇਹਨਾਂ ਕੰਪਨੀਆਂ ਨੇ ਪੈਸਾ ਕਿੱਥੋਂ ਲਾਉਣਾ ਹੈ ਦਰਅਸਲ ਉਹ ਪੈਸਾ ਬੈਂਕਾ ਦਾ ਹੀ ਹੋਵੇਗਾ। ਹੁਣ ਗੱਲ ਹੈ ਕੇ ਕੀ ਬੈਂਕਾਂ ਤੋਂ ਪੈਸਾ ਲੈਕੇ ਕਿਸਾਨ ਨਹੀਂ ਲਗਾ ਸਕਦਾ।ਰਿਜ਼ਰਵ ਬੈਂਕ ਆੱਫ ਇੰਡੀਆਂ ਦੇ ਆਂਕੜਿਆ ਮੁਤਾਬਕ ਬੈਂਕਾ ਵੱਲੋਂ ਖੇਤੀਬਾੜੀ ਨੂੰ 13 ਪ੍ਰਤੀਸ਼ਤ, ਉਦਯੋਗ ਨੂੰ 42 ਪ੍ਰਤੀਸ਼ਤ, ਸਰਵਿਸ (ਸੇਵਾ) ਖੇਤਰ ਨੂੰ 24.4 ਪ੍ਰਤੀਸ਼ਤ ਤੇ ਨਿਜੀ ਵਰਤੋਂ ਲਈ 20.6 ਪ੍ਰਤੀਸ਼ਤ ਦੇ ਹਿਸਾਬ ਨਾਲ ਕ੍ਰੈਡਿਟ ਦਿੱਤਾ ਜਾਂਦਾ ਹੈ ਯਾਨੀ ਕੇ ਜਿਸ ਖੇਤਰ ਵਿਚ ਮੁਲਕ ਦੇ 63 ਪ੍ਰਤੀਸ਼ਤ ਆਬਾਦੀ ਨਿਰਭਰ ਅਤੇ 42 ਪ੍ਰਤੀਸ਼ਤ ਲੇਬਰ ਫੋਰਸ ਕੰਮ ਕਰਦੀ ਹੈ ਉਸ ਨੂੰ ਸਿਰਫ 13 ਪ੍ਰਤੀਸ਼ਤ ਕ੍ਰੈਡਿਟ, ਬਾਕੀ ਸਭ ਤੋਂ ਜ਼ਿਆਦਾ 42 ਪ੍ਰਤੀਸ਼ਤ ਉਦਯੋਗ ਨੂੰ ਦਿੱਤਾ ਜਾਂਦਾ ਹੈ। ਜਦਕਿ ਉਦਯੋਗ ਸਿਰਫ 25 ਪ੍ਰਤੀਸ਼ਤ ਲੇਬਰ ਨੂੰ ਹੀ ਕੰਮ ਦਿੰਦੀ ਹੈ। ਅੱਗੇ ਹੋਰ ਚੋਂਕਾਅ ਦੇਣ ਵਾਲੀ ਗੱਲ ਹੈ ਕਿ ਉਦਯੋਗ ਵਿਚ 25 ਪ੍ਰਤੀਸ਼ਤ ਕੰਮ ਦੇਣ ਵਿਚ ਸਭ ਤੋਂ ਵੱਡਾ ਯੋਗਦਾਨ ਐੱਮ.ਐਸ.ਐਮ.ਈ (ਸ਼ੰਓ) ਯਾਨੀ ਮਾਈਕ੍ਰੋ ਸਮਾਲ ਮਾਧਿਅਮ ਉੱਦਮੀਆਂ ਦਾ ਹੈ ਪਰ ਕ੍ਰੈਡਿਟ ਵਿਚ 42 ਪ੍ਰਤੀਸ਼ਤ ਚੋਂ ਕੇਵਲ 20 ਪ੍ਰਤੀਸ਼ਤ ਹੀ ਇਹਨਾਂ ਨੂੰ ਦਿੱਤਾ ਜਾਂਦਾ ਬਾਕੀ 80 ਪ੍ਰਤੀਸ਼ਤ ਵੱਡੀਆਂ ਕੰਪਨੀਆਂ ਨੂੰ ਜਾਂਦਾ ਹੈ। ਹੁਣ ਯਾਨੀ ਕੇ ਖੇਤੀ ਤੇ ਛੋਟੇ ਕਾਰਖਾਨਿਆਂ ਵਾਲਿਆਂ ਨਾਲ ਸਿੱਧਾ ਧੱਕਾ ਜਦੋਂ ਕਿ ਦੇਸ਼ ਦੇ ਕੁਲ ਘਰੇਲੂ ਉਤਪਾਦਨ ਵਿਚ (ਜੀ.ਡੀ.ਪੀ) ਵਿਚਭੀ ਆਰ.ਬੀ.ਆਈ ਦੇ ਮੁਤਾਬਕ 2019 ਵਿਚ 16 ਪ੍ਰਤੀਸ਼ਤ ਹਿੱਸਾ ਖੇਤੀਬਾੜੀ ਖੇਤਰ ਦਾ ਸੀ, 25 ਪ੍ਰਤੀਸ਼ਤ ਉਦਯੋਗ ਤੇ 50 ਪ੍ਰਤੀਸ਼ਤ ਸਰਵਿਸ ਖੇਤਰ ਦਾ ਸੀ।

ਉੱਧਰ ਜੇ ਅਸੀ ਐਨ.ਪੀ.ਏ. ਯਾਨੀ ਗੈਰ ਪ੍ਰਦਰਸ਼ਨ ਕਰ ਜਾਇਦਾਦ ਦੀ ਗੱਲ ਕਰਦੇ ਹਾਂ ਤਾਂ ਸਭ ਤੋਂ ਜ਼ਿਆਦਾ ਐਨ.ਪੀ.ਏ ਸਿਰਫ ਵੱਡੀਆਂ ਕੰਪਨੀਆਂ ਦੇ ਹੀ ਹਨ ਇਸ ਵਕਤ ਸਰਕਾਰੀ ਬੈਂਕਾ ਦੇ ਐਨ.ਪੀ.ਏ ਵੱਧ ਕੇ 7.34 ਲੱਖ ਕਰੋੜ ਹੈ ਜਦਕਿ ਨਿਜੀ ਖੇਤਰ ਦੇ ਬੈਂਕਾ ਦੇ 1.03 ਲੱਖ ਕਰੋੜ ਹਨ। ਐਨ.ਪੀ.ਏ ਹੋਰ ਕੁਝ ਨਹੀਂ ਦਰਅਸਲ ਇਹ ਬਦਲਵਾਂ ਨਾਮ ਹੈ ਮਾੜੇ ਕਰਜ਼ੇ ਦਾ ਯਾਨੀ ਜਿਸ ਪੈਸੇ ਦੀ ਰਿਕਵਰੀ ਬੰਦ ਹੋ ਚੁੱਕੀ ਹੋਵੇ। ਪਰ ਅਫਸੋਸ ਦੀ ਗੱਲ ਹੈ ਕਿ ਸਰਕਾਰ ਇਹਨਾਂ ਵੱਡੀਆਂ ਕੰਪਨੀਆਂ ਦਾ ਚੁੱਪ ਚਪੀਤੇ ਹੀ ਕਰਜਾ ਮਾਫ ਕਰ ਦਿੰਦੀ ਤੇ ਜੇ ਕਿਸਾਨਾਂ ਦਾ ਕਰਜ਼ਾ ਮਾਫ ਕਰਨ ਦੀ ਵਾਰੀ ਆਉਂਦੀ ਤਾਂ ਕੋਰੀ ਨਾਂਹ। ਫੇਰ ਜਦੋਂ ਵੋਟਾਂ ਆਉਂਦੀਆਂ ਦਿਖਦੀਆਂ ਹਨ ਤਾਂ ਕੁਝ ਛੋਟੇ ਕਿਸਾਨਾਂ ਦਾ ਕਰਜ਼ਾ ਮਾਫ ਕਰਕੇ ਰਾਜਨੀਤੀ ਕੀਤੀ ਜਾਂਦੀ ਹੈ।ਪਿਛਲੇ ਸਮੇਂ ਵਿਚ ਉੱਤਰ ਪ੍ਰਦੇਸ਼ ਅਤੇ ਮਹਾਂਰਾਸ਼ਟਰ ਵਿੱਚ 15 ਹਜ਼ਾਰ ਕਿਸਾਨਾਂ ਦਾ 2 ਲੱਖ ਹਰ ਕਿਸਾਨ ਦੇ ਹਿਸਾਬ ਨਾਲ ਕਰਜ਼ਾ ਮਾਫ ਕੀਤਾ ਗਿਆ ਤੇ ਬਹੁਤ ਰੋਲਾ ਪਿਆ। ਆਰ.ਬੀ.ਆਈ ਦੇ ਮੁਤਾਬਕ ਵਿੱਤੀ ਸਾਲ 2018-19 ਵਿੱਚ 1, 86,632 ਕਰੋੜ ਦੇ ਐਨ.ਪੀ.ਏ ਮਾਫ ਕੀਤੇ ਗਏ ਜਿਸ ਵਿਚ ਖੇਤੀ ਤੇ ਖੇਤੀ ਨਾਲ ਜੁੜੇ ਖੇਤਰ ਦਾ ਸਿਰਫ 12566 ਕਰੋੜ ਹੀ ਸੀ ਯਾਨੀ ਸਿਰਫ 6.7 ਪ੍ਰਤੀਸ਼ਤ, ਉੱਧਰ ਆਰ.ਬੀ.ਆਈ ਤੋਂ ਆਰ.ਟੀ.ਆਈ ਅਧੀਨ ਲਈ ਜਾਣਕਾਰੀ ਮੁਤਾਬਕ 30 ਸਤੰਬਰ 2019 ਤਕ 68,607 ਕਰੋੜ ਮੁਆਫ ਕੀਤਾ ਗਿਆ ਜਿਸ ਵਿਚ ਜਾਣ ਬੁਝ ਕੇ ਕਰਜ਼ਾ ਨਾ ਵਾਪਸ ਕਰਨ ਵਾਲੇ ਵਿਅਕਤੀ ਵੀ ਸਨ ਇਹਨਾਂ ਵਿਚ 5492 ਕਰੋੜ ਗੀਤਾਂਜਲੀ ਜੈਮਸਯਾਨੀ ਮੈਹੁਲ ਚੌਕਸੀ ਤੇ ਨੀਰਵ ਮੋਦੀ ਦੀ ਫਰਮ ਦਾ ਹੈ ਅਤੇ 1943 ਕਰੋੜ ਕਿੰਗ ਫਿਸ਼ਰ ਹਵਾਈ ਕੰਪਨੀ ਦਾ ਹੈ ਜੋ ਵਿਜਯ ਮਾਲਿਯ ਜੋ ਰਾਜ ਸਭਾ ਦੇ ਮੈਂਬਰ ਵੀ.ਸੀ। ਹੈਰਾਨੀ ਹੁੰਦੀ ਇਕ ਪਾਸੇ ਚੋਣਾਂ ਦੇ ਦੌਰਾਨ ਸਰਕਾਰਾਂ ਕਹਿੰਦੀਆਂ ਹਨ ਕਿ ਸਾਡਾ ਪੂਰਾ ਜੋਰ ਲੱਗਿਆ ਹੈ ਇਹਨਾਂ ਭਗੋੜੇ ਲੋਕਾਂ ਨੂੰ ਵਾਪਸ ਲੈ ਕੇ ਆਉਣ ਤੇ ਹਵਾਲਗੀ ਲਈ ਕੇਸ ਚਲਾ ਕੇ ਸਰਕਾਰੀ ਖਜਾਨਾ ਵੀ ਖਰਚ ਕਰ ਰਹੀ ਹੈ। ਪਰ ਇਹ ਦਿਖਾਵਾ ਕਿਉਂ ਜੇ ਇਹਨਾਂ ਦੇ ਕਰਜੇ ਹੀ ਮਾਫ ਕਰਨੇ ਹਨ।ਕਿਸਾਨਾਂ ਦਾ ਤਾਂ 50 ਹਜ਼ਾਰ ਰੁਪਏ ਪਿੱਛੇ ਬੈਂਕ ਜਲੂਸ ਕੱਢ ਦਿੰਦੇ ਹਨ ਤੇ ਇਹਨਾਂ ਦੇ ਹਜ਼ਾਰਾਂ ਕਰੋੜ ਵੀ ਚੁੱਪ ਚਪੀਤੇ ਮਾਫ ਹੋ ਜਾਂਦੇ ਹਨ ਯਾਨੀ ਸਰਾਸਰ ਇਕ ਤਰਫਾ ਚਲਦੀ ਹੈ ਸਰਕਾਰ। ਆਮ ਲੋਕ ਇਹ ਭੀ ਕਹਿੰਦੇ ਹਨ ਕਿ ਕਿਸਾਨਾਂ ਦੇ ਕਰਜੇ ਮੁਆਫ ਕਰਨ ਲਈ ਸਾਡੇ ਭਰੇ ਟੈਕਸ ਦੀ ਦੁਰਵਰਤੋਂ ਕਰਦੇ ਹਨ। ਜਦਕਿ ਸਚਾਈ ਇਹ ਹੈ ਕਿ ਕਿਸਾਨਾਂ ਨੂੰ ਕਰਜਾ ਮਿਲਦਾ ਹੀ ਘੱਟ ਤੇ ਰੋਲਾ ਜ਼ਿਆਦਾ ਪੈਂਦਾ ਤੇ ਤੇ ਵੱਡਿਆ ਨੂੰ ਅੰਦਰ ਖਾਤੇ ਸਰਕਾਰ ਦਿੰਦੀ ਵੀ ਜ਼ਿਆਦਾ ਹੈ ਤੇ ਮੁਆਫ ਵੀ ਜ਼ਿਆਦਾ ਕਰਦੀ ਹੈ। ਰਿਜ਼ਰਵ ਬੈਂਕ ਦੀ ਸਾਲ 2019-20 ਦੀ ਰਿਪੋਰਟ ਮੁਤਾਬਕ ਸਾਲ 2018-19 ਵਿਚ ਦੇਸ਼ ਦੇ ਬੈਂਕਾ ਵਿਚ 71500 ਕਰੋੜ ਰੁਪਏ ਦੀ ਧੋਖਾਧੜੀ ਹੋਈ ਜੋ 2019-20 ਵਿਚ ਵੱਧ ਕੇ 1,85,644 ਕਰੋੜ ਦੀ ਹੋ ਗਈ ਜਿਸ ਵਿਚ 80 ਪ੍ਰਤੀਸ਼ਤ ਪੈਸਾ ਸਰਕਾਰੀ ਬੈਂਕਾ ਦਾ ਸੀ ਅਤੇ 18 ਪ੍ਰਤੀਸ਼ਤ ਪ੍ਰਾਈਵੇਟ ਬੈਂਕਾ ਦਾ ਪਰ ਕੀ ਇਹ ਸਭ ਕੁਝ ਸਾਡੇ ਪਾਲੀਸੀ ਬਣਾਉਣ ਵਾਲਿਆ ਨੂੰ ਨਹੀ ਦਿਸਦਾ ਕਿ ਭਾਰਤ ਦੇ ਵੱਡੇ ਉਦਯੋਗ ਵਿਚ ਕੁਸ਼ਲਤਾ ਤਾ ਦੂਰ ਦੀ ਗਲ੍ਹ ਹੈ ਆਪਣੇ ਆਪ ਨੂੰ ਬਚਾ ਵੀ ਨਹੀ ਪਾ ਰਹੇ। ਸਗੋਂ ਬੈਂਕਾ ਦਾ ਪੈਸਾ ਖਤਮ ਕੀਤਾ ਜਾ ਰਿਹਾ ਹੈ। ਨਵੀ ਖਬਰ ਹੈ ਕਿ ਇਕ ਹੋਰ ਵੱਡਾ ਘਰਾਨਾ ਦੀਵਾਲੀਆ ਘੋਸ਼ਿਤ ਹੋ ਗਿਆ ਯਾਨੀ ਕੇ ਬੈਂਕਾ ਤੇ ਹੋਰ ਚੂਨਾਂ। ਕਰਜ ਮਾਫ ਕਰਕੇ ਤੇ ਬੈਂਕਾ ਦੇ ਖਰਚੇ ਦਿਖਾਕੇ ਕਿਹੜੀ ਕੁਸ਼ਲਤਾ ਦਿਖਾ ਰਹੀਆਂ ਹਨ ਸਾਡੀਆਂ ਬੈਂਕਾ।ਉੱਧਰ ਅੰਤਰਰਾਸ਼ਤਰੀ ਮੁਦਰਾ ਫੰਡ ਨੇ ਭਾਰਤ ਨੂੰ ਤਰੱਕੀ ਯਾਫਤਾ ਸ਼੍ਰੇਣੀ ਵਿਚੋਂ ਕੱਢ ਕੇ ਗਰੀਬ ਮੁਲਕਾਂ ਦੀ ਸ਼੍ਰੇਣੀ ਵਿੱਚ ਪਾ ਦਿੱਤਾ ਹੈ।ਆਈ.ਐਮ.ਐਫ ਦੇ ਮੁਤਾਬਕ 2025 ਤਕ ਭਾਰਤ, ਬੰਗਲਾਦੇਸ਼ ਨਾਲੋਂ ਵੀ ਗਰੀਬ ਮੁਲਕ ਹੋ ਜਾਵੇਗਾ।ਆਈ.ਐਮ.ਐਫ ਦੇ ਅਨੁਮਾਨ ਮੁਤਾਬਕ ਬੰਗਲਾਦੇਸ਼ ਦਾ ਪ੍ਰਤੀ ਜੀਅ ਘਰੇਲੂ ਉਤਪਾਦ 2020 ਵਿਚ ਵੀ ਭਾਰਤ ਨਾਲੋਂ ਵੱਧ ਹੋਵੇਗਾ।

ਅੱਜ ਸਰਕਾਰ ਕਿਸਾਨਾਂ ਨੂੰ ਖੇਤੀ ਵਿਚ ਅਕੁਸ਼ਲ ਕਹਿੰਦੀ ਹੈ।ਜਦਕਿ ਬਹੁਤ ਸਾਰੀਆ ਸਰਕਾਰੀ ਕੰਪਨੀਆਂ ਵੇਚੀਆਂ ਜਾ ਰਹੀਆਂ ਹਨ।ਇਹ ਸਥਿਤੀ ਕੀ ਦਰਸਾਉਂਦੀ ਹੈ ।

ਸੋ ਸਰਕਾਰ ਨੂੰ ਖੇਤੀ ਤੇ ਉਦਯੋਗ ਨੂੰ ਬਰਾਬਰ ਰੱਖ ਕੇ ਸੋਚਣਾ ਚਾਹੀਦਾ ਹੈ। ਕਿਉਂਕਿ ਇਕ ਨੂੰ ਛੱਡ ਕੇ ਦੇਸ਼ ਦੀ ਤਰੱਕੀ ਨਹੀਂ ਹੋ ਸਕਦੀ। ਪਿੰਡਾ ਵਿੱਚੋਂ ਖੇਤੀ ਲੇਬਰ ਵਿਹਿਲੀ ਹੋ ਕੇ ਸ਼ਹਿਰਾਂ ਵੱਲ ਤੁਰ ਪਈ ਤਾਂ ਸ਼ਹਿਰਾਂ ਦਾ ਬੁਨਿਆਦੀ ਢਾਂਚਾ ਧਵੱਸਤ ਹੋ ਜਾਵੇਗਾ ਜੋ ਪਹਿਲਾਂ ਹੀ ਰਹਿਣ ਦੇ ਮਿਆਰ ਤੋਂ ਬਹੁਤ ਥੱਲੇ ਹੈ ਸਾਡੀ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਜਿੱਥੇ ਕੋਈ ਬੈਠਾ ਹੈ ਉਸ ਦਾ ਵਿਕਾਸ ਉੱਥੇ ਹੀ ਕੀਤਾ ਜਾਵੇ ਨਾ ਕਿ ਹਿਜ਼ਰਤ ਨੂੰ ਬਢਾਵਾ ਦਿੱਤਾ ਜਾਵੇ। ਕਾਰਪੋਰੇਟ ਨੇ ਖੇਤੀ ਖਿੱਤੇ ਵਿੱਚ ਨਿਵੇਸ਼ ਕਰਨਾ ਹੈ ਤਾਂ ਉਹ ਖੇਤੀ ਉਪਜ ਦੀ ਪ੍ਰੋਸੈਸਿੰਗ ਵਿਚ ਨਿਵੇਸ਼ ਕਰੇ ਨਾ ਕੇ ਖੇਤੀ ਪੈਦਾਵਾਰ ਵਿਚ।

ਡਾ. ਅਮਨਪ੍ਰੀਤ ਸਿੰਘ ਬਰਾੜ
9653790000


## ਕਹਾਣੀ.....ਡੈਣ

ਇੱਕ ਖੂਬਸੂਰਤ ਆਹਲਣੇ ਚ
ਮੈਂ ,ਘਰਵਾਲੀ ਤੇ ਦੋ ਕੋਮਲ ਬੋਟ ਰਹਿੰਦੇ ਸੀ
ਆਹ ..ਕਿਸੇ ਦੀ ਨਜ਼ਰ ਲੱਗੀ
ਬੱਚਿਆਂ ਦੀ ਮਾਂ ਸਾਨੂੰ ਛੱਡ ਕੇ
ਰੱਬ ਕੋਲ ਚਲੀ ਗਈ ....
ਜਿੰਦਗੀ ਨੂੰ ਅੱਗੇ ਤੋਰਨ ਲਈ
ਕਿਸੇ ਦਾ ਆਸਰਾ ਲਿਆ ਤੇ ਆਸਰਾ ਦਿੱਤਾ
ਮੂੰਹ ਦੀ ਮਿੱਠੀ ,,ਵੇਖਣ ਨੂੰ ਭੋਲੀ
ਮੈਨੂੰ ਲੱਗਾ ਜ਼ਿੰਦਗੀ ਫੇਰ ਤੋਂ ...
ਸ਼ਾਇਦ ...ਪਹਿਲੇ ਰੰਗ ਚ ਆ ਜਾਵੇਗੀ ..
ਪਰ ...ਕੀ ਪਤਾ ਸੀ ...
ਉਹ ਸਿਰਫ ਪੱਕੇ ਪੈਰੀਂ ਹੋਣਾ ਚਾਹੁੰਦੀ ਸੀ ..
ਮੈਂ ਉਸਨੂੰ ਪੜਾਇਆ , ਲਿਖਾਇਆ
ਪੈਰਾਂ ਤੇ ਕੀਤਾ ...ਪੱਕਾ ਕਰਵ-ਾਇਆ ...
ਬਸ ਏਹੀ ਮੇਰਾ ਕਸੂਰ ਸੀ ..
ਬਦਲ ਗਿਆ ਸਭ ਕੁਝ ..
ਮੇਰੇ ਬੱਚਿਆਂ ਤੇ ਜ਼ੁਲਮ ..
ਮੇਰੇ ਤੇ ਕਹਿਰ ...ਜੀਣਾ ਹਰਾਮ ਹੋ ਗਿਆ ..
ਫੇਰ ...
ਤਲਾਕ ਦੇ ਪੇਪਰ ਮੇਰੇ ਸਾਹਮਣੇ ..
ਪੈਰਾਂ ਤੋਂ ਕੱਢ ਤਾ ਓਹਨੇ ਜਿਹਨੂੰ ਪੈਰਾਂ ਤੇ ਕੀਤਾ ..
ਮੇਰੇ ਘਰ ਦਾ ਅੱਧ ,,ਪੈਸੇ ਦਾ ਅੱਧ
ਵਕੀਲਾਂ ਦੇ ਗੇੜੇ ...ਤਰੀਕਾਂ ..
ਤੇ ਪਤਾ ਨਹੀਂ ਕੀ ਕੀ
ਜਿਨਾ ਗੱਲਾਂ ਬਾਰੇ ਕਦੇ ਸੋਚਿਆ ਵੀ ਨਹੀਂ ਸੀ ..
ਉਜਾੜ ਗਈ ,,,ਫੇਰ ਓਸੇ ਤਰ੍ਹਾਂ ਛੱਡ ਕੇ
ਹੋ ਗਈ ਪਾਸੇ ...
ਫੇਰ ਪਤਾ ਲੱਗਾ ...
ਇਹ ਤਾਂ ਓਹਦਾ ਕਸਬ ਹੈ ..
ਪਹਿਲਾਂ ਵੀ ਕਿਸੇ ਨੂੰ ਉਜਾੜ ਕੇ ਆਈ ..
ਪਹਿਲਾਂ ਵੀ ਲੁੱਟ ਕੇ ਆਈ
........ਮੈਨੂੰ ਇਹ ਸਭ ਵੇਖ ਕੇ
ਮੇਰੀ ਦਾਦੀ ਦੀ ਉਹ ਕਹਾਣੀ ਯਾਦ ਆਈ ..
ਇੱਕ ਡੈਣ ...ਸੀ ..
ਉਹ ਅਕਸਰ ਲੋਕਾਂ ਨੂੰ ਖਾ ਜਾਂਦੀ ਸੀ ..
ਬੱਚਿਆਂ ਨੂੰ ਵੀ ਨਹੀਂ ਸੀ ਛੱਡਦੀ ..
ਓਹਨੇ ਕਈ ਘਰ ਖਾਧੇ ...
ਪਰ ਓਹਦੀ ਭੁੱਖ ਨਹੀਂ ਸੀ ਮਿਟਦੀ ...
ਇਹ ਕਹਾਣੀ ਬਹੁਤ ਲੰਬੀ ਹੈ
ਜਿੰਨੀ ਲੰਬੀ ਉਸ ਡੈਣ ਦੀ ਉਮਰ ਤੇ ਭੁੱਖ ..
ਮੈਂ ਕਈ ਸਾਲਾਂ ਤੱਕ ਹਨੇਰੇ ਚ ਜਾਣ ਤੋਂ ਡਰਦਾ ਰਿਹਾ ...
ਪਰ ਹੁਣ ਪਤਾ ਲੱਗਾ ..
ਅਸਲ ਚ ਡੈਣ ਕੀ ਹੁੰਦੀ ...
ਉਹ ਹਨੇਰੇ ਚ ਨਹੀਂ ਖਾਂਦੀ ..
ਉਹ ਦਿਨੇ ਦੀਵੀ ਖਾਂਦੀ ...
ਤੁਹਾਨੂੰ ਝੂਠਾ ਪਿਆਰ ਦਿਖਾ ਕੇ
ਆਪਣੇ ਕਈ ਰੂਪ ਬਦਲ ਬਦਲ ਕੇ
ਆਪਣੇ ਜਾਲ ਚ ਫਸਾਉਂਦੀ ...
ਤੇ ਇੱਕ ਦਿਨ ਛੱਡ ਜਾਂਦੀ ਇੱਕ ਪਿੰਜਰ ਵਾਂਗ
ਮਾਸ ਨੋਚ ਨੋਚ ਕੇ ਖਾ ਜਾਂਦੀ ..
ਅਸਲ ਚ ਚੁੜੇਲਾਂ ਜਾਂ ਡੈਣਾ
ਕਿਸੇ ਹੋਰ ਛਵੀ ਚ ਨਹੀਂ ਹੁੰਦੀਆਂ
ਸਾਡੇ ਆਲੇ ਦੁਆਲੇ ...
ਆਪਣੇਪਣ ਦਾ ਲਿਬਾਸ ਪਾ ਕੇ
ਹਰ ਵਕਤ ਘੁੰਮਦੀਆਂ ..
ਤੇ ਉਹ ਝੂਠੇ ਲਿਬਾਸ ਲਾਹ ਕੇ
ਨੰਗੀਆਂ ਹੋਣ ਲੱਗਿਆਂ ਰਤਾ
ਸ਼ਰਮ ਮਹਿਸੂਸ ਨਹੀਂ ਕਰਦੀਆਂ ..
ਕਿਸੇ ਦਾ ਘਰ ਉਜਾੜ ਕੇ ..
ਨਵਾਂ ਲੱਭਣ ਲਗਦੀਆਂ ..
ਕਿਓਂਕੇ ਇਹਨਾਂ ਦੇ ਮੂੰਹ
ਲੱਗ ਚੁੱਕਾ ਹੁੰਦਾ ਹੈ ...
ਵੰਨ ਸਵੰਨਾ ਖ਼ੂਨ ....

ਕੁਲਵਿੰਦਰ ਸਿੰਘ ਖੋਖਰ. ਕੇਨੈਡਾ
416 388 8931

## ਕਾਵਿ ਵਿਅੰਗ — ਕੰਡੇ ਦਾ ਕੰਡਾ-

ਡਾ. ਅਮਰੀਕ ਸਿੰਘ ਕੰਡਾ



### ਜ਼ੀਜ਼ਾ ਸਾਲਾ

ਦਿਨ ਵੇਲੇ ਤੂੰ ਪਾਵੇਂ ਚਿੱਟਾ,ਰਾਤ ਨੂੰ ਕੱਛਾ ਕਾਲਾ !!
ਬੱਕਰੇ ਨਾਲ ਤੂੰ ਖਾਵੇਂ ਰੋਟੀ, ਫੇਰੇਂ ਫੇਰ ਤੂੰ ਮਾਲਾ !!
ਨਸ਼ਾ ਵੇਚ ਵੇਚ ਚਿੱਟਾ ਹੋਇਆ ਅੰਦਰੋਂ ਤੂੰ ਕਾਲਾ !!
ਹਰ ਦਫ਼ਤਰ ਹਰ ਧਰਮ ਨੂੰ ਲੈ ਕੇ ਹੈ ਘਾਲਾ ਮਾਲਾ !!
ਜਿੰਨੀਆਂ ਮਰਜ਼ੀ ਖ਼ਬਰਾਂ ਲਾਅ ਨਾ ਟੱਸ ਤੋਂ ਮੱਸ ਪਰਨਾਲਾ !!
ਅੱਠੇ ਪਾਸੇ ਕਬਜ਼ੇ ਹੀ ਕਬਜ਼ੇ ਹੋਈ ਪਈ ਲਾਲਾ ਲਾਲਾ !!
ਧਰਮ ਸਥਾਨਾ ਤੇ ਵੀ ਕਬਜ਼ਾ ਦਿਮਾਗ ਨੂੰ ਲੱਗ ਗਿਆ ਜ਼ਾਅਲਾ !!
ਸ਼ਰਮ ਹਿਆ ਤੂੰ ਕਿੱਲੇ ਟੰਗੀ,ਫੇਰੇਂ ਨੋਟਾਂ ਦੀ ਮਾਲਾ !!
ਕੰਡਿਆ ਦੇਸ ਦਾ ਹੁਣ ਨਾਂ ਬਦਲ ਕੇ ਰੱਖਦੇ ਜ਼ੀਜ਼ਾ ਸਾਲਾ !!

1764-ਗੁਰੂ ਰਾਮ ਦਾਸ ਨਗਰ ਮੋਗਾ
-142001 ਪੰਜਾਬ ਭਾਰਤ
ਮੋਬਾਈਲ 098557-35666



# ਗੁਰਨਾਮ ਸਿੰਘ ਚੜੂੰਨੀ ਦੇ ਖਿਲਾਫ ਵੀ ਕਿਸਾਨ ਲਾਮਬੰਦ

*** ਇੱਕ ਪਿੰਡ ’ਚ ਦਾਖਲ ਹੋਣ ’ਤੇ ਪਾਬੰਦੀ ਲਾਈ**

ਚੰਡੀਗੜ੍ਹ, 18 ਜੁਲਾਈ (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਤਿੰਨ ਖੇਤੀਬਾੜੀ ਕਾਨੂੰਨਾਂ ਦਾ ਵਿਰੋਦ ਕਰਨ ਦੇ ਬਹਾਨੇਸਿਆਸਤ ਖੇਡ ਰਹੇ ਭਾਰਤੀ ਕਿਸਾਨ ਯੂਨੀਅਨ (ਚੜੂੰਨੀ) ਦੇ ਪ੍ਰਧਾਨ ਗੁਰਨਾਮ ਸਿੰਘ ਚੜੂੰਨੀ ਖਿਲਾਫ ਕਿਸਾਨ ਲਾਮਬੰਦ ਹੋਣ ਲੱਗੇ ਹਨ। ਪੰਚਕੂਲਾ ਦੇ ਬਾਗਵਾਲੀ ਪਿੰਡ ਵਿੱਚ ਕਿਸਾਨਾਂ ਨੇ ਪੰਚਾਇਤ ਕਰ ਕੇ ਚੜੂੰਨੀਉੱਤੇ ਲੋਕਾਂ ਤੋਂ ਪੈਸੇ ਲੈਣ ਤੇ ਸਿਆਸੀ ਰੋਟੀਆਂ ਸੇਕਣ ਦਾ ਦੋਸ਼ ਲਾ ਕੇ ਪਿੰਡ ਵਿੱਚ ਦਾਖਲ ਹੋਂਦੀ ਪਾਬੰਦੀ ਲਾ ਦਿੱਤੀ ਹੈ।



ਪੰਚਾਇਤ ਵਿੱਚ ਮੌਜੂਦ ਕਿਸਾਨਾਂ ਨੇ ਕਿਹਾ ਕਿ ਅਸਲੀ ਕਿਸਾਨ ਖੇਤਾਂ ਵਿੱਚ ਹੈ, ਅਸੀਂ ਖੇਤੀ ਕਰਦੇ ਹਾਂ ਤੇ ਸਾਨੂੰ ਕਿਤੇ ਜਾਣ ਦੀ ਵਿਹਲ ਨਹੀਂ, ਪਰ ਗੁਰਨਾਮ ਸਿੰਘ ਚੜੂੰਨੀ ਕੋਈ ਕਿਸਾਨ ਨਹੀਂ, ਕਦੀ ਖੇਤ ਵਿੱਚ ਨਹੀਂ ਗਿਆ ਤਾਂ ਉਹ ਕਿਸਾਨ ਕਿਸ ਗੱਲ ਦਾ ਹੈ। ਹਕੀਕਤ ਇਹ ਹੈ ਕਿ ਉਸ ਨੂੰ ਕਿਸਾਨਾਂ ਨਾਲ ਕੋਈ ਲੈਣਾ-ਦੇਣਾ ਨਹੀਂ। ਪੰਚਾਇਤ ਨੇ ਪੂਰੇ ਦੇਸ਼ ਦੇ ਕਿਸਾਨਾਂ ਨੂੰ ਸੱਦਾ ਦਿੱਤਾ ਕਿ ਚੜੂੰਨੀ ਨੂੰ ਕਿਸੇ ਪਿੰਡ ਵਿੱਚ ਨਾ ਵੜਨ ਦੇਣ।

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਸੰਯੁਕਤ ਕਿਸਾਨ ਮੋਰਚਾ ਦੇ ਸ਼ਿਵ ਪ੍ਰਸਾਦ ਕੱਕਾਜੀ ਨੇ ਵੀ ਜਨਵਰੀ ਵਿੱਚ ਦੋਸ਼ ਲਾਏ ਸਨ ਕਿ ਗੁਰਨਾਮ ਸਿੰਘ ਚੜੂੰਨੀ ਕਿਸਾਨ ਅੰਦੋਲਨ ਲਈ ਕਿਸੇ ਸਿਆਸੀ ਦਲਾਂ ਤੋਂ ਮੋਟੀ ਫੰਡਿੰਗ ਲੈ ਰਹੇ ਹਨ। ਉਸ ਦੇ ਬਾਅਦ ਚੜੂਨੀ ਨੇ ਚੋਣ ਲੜਨ ਦੀ ਗੱਲ ਕਹਿ ਦਿੱਤੀ ਤਾਂ ਫਿਰ ਸਵਾਲ ਉਠ ਰਹੇ ਹਨ ਕਿ ਕਿਤੇ ਏਦਾਂ ਤਾਂ ਨਹੀਂ ਕਿ ਸਿਆਸੀ ਖਾਹਿਸ਼ਾਂ ਵਾਲੇ ਚੜੂੰਨੀ ਨੇ ਹਰਿਆਣੇ ਵਿੱਚ ਮੋਟਾ ਚੰਦਾ ਲੈ ਕੇ ਅੰਦੋਲਨ ਚਾਲੂ ਰੱਖਿਆ ਹੋਇਆ ਹੈ।

# ਅਕਾਲੀ ਦਲ ਵੱਲੋਂ ਭਾਜਪਾ ਦੇ ਵੋਟ ਬੈਂਕ ਨੂੰ ਹਿੰਦੂ ਕਾਰਡ ਨਾਲ ਤੋੜਨ ਦੀ ਤਿਆਰੀ

*** ਐਨ ਕੇ ਸ਼ਰਮਾ ਦੀ ਅਗਵਾਈ ਹੇਠ ਹਿੰਦੂ ਆਗੂਆਂ ਦੀ ਟੀਮ ਬਣਾਈ**

ਐਸ ਏ ਐਸ ਨਗਰ, 18 ਜੁਲਾਈ (ਪੋਸਟ ਬਿਊਰੋ)- ਅਕਾਲੀ ਦਲ ਨੇ ਪੰਜਾਬ ਵਿੱਚ ਭਾਜਪਾ ਨਾਲ ਗਠਜੋੜ ਤੋੜਨ ਤੋਂ ਬਾਅਦ ਭਾਜਪਾ ਦੇ ਰਿਵਾਇਤੀ ਵੋਟ ਬੈਂਕ ਨੂੰ ਖੋਰਾ ਲਾਉਣਾ ਸ਼ੁਰੂ ਕਰ ਦਿੱਤਾ ਹੈ। ਪੰਜਾਬ ਵਿੱਚ ਦਲਿਤ ਉਪ ਮੁੱਖ ਮੰਤਰੀ ਬਣਾਉਣ ਦੇ ਐਲਾਨ ਤੋਂ ਬਾਅਦ ਅਕਾਲੀ ਦਲ ਵੱਲੋਂ ਇੱਕ ਹਿੰਦੂ ਚਿਹਰੇ ਨੂੰ ਉਪ ਮੁੱਖ ਮੰਤਰੀ ਬਣਾਉਣ ਦਾ ਐਲਾਨ ਕਰਨ ਦੇ ਨਾਲ ਕਾਂਗਰਸ, ਭਾਰਤੀ ਜਨਤਾ ਪਾਰਟੀ ਅਤੇ ਆਮ ਆਦਮੀ ਪਾਰਟੀ ਲਈਨਵੀਂ ਰਾਜਨੀਤਕ ਚੁਣੌਤੀ ਪੈਦਾ ਹੋ ਗਈ ਹਨ। ਕਰੀਬ 25 ਸਾਲਾਂ ਬਾਅਦ ਪੰਜਾਬ ਵਿੱਚ ਪਹਿਲੀ ਵਾਰ ਅਕਾਲੀ ਦਲ ਭਾਜਪਾ ਤੋਂ ਬਗੈਰ ਵਿਧਾਨ ਸਭਾ ਚੋਣਾਂ ਲੜੇਗਾ ਤਾਂ ਇਸ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇੱਕ ਹਿੰਦੂ ਚਿਹਰੇ ਨੂੰ ਉਪ ਮੁੱਖ ਮੰਤਰੀ ਬਣਾਉਣ ਦਾ ਐਲਾਨ ਕਰ ਕੇਰਾਜਸੀ ਹਲਕਿਆਂ ਵਿੱਚ ਹਲਚਲ ਪੈਦਾ ਕਰ ਦਿੱਤੀ ਹੈ।



ਮਿਲੀ ਜਾਣਕਾਰੀ ਅਨੁਸਾਰ ਹਲਕਾ ਡੇਰਾਬੱਸੀ ਤੋਂ ਦੂਸਰੀ ਵਾਰ ਵਿਧਾਇਕ ਐਨ ਕੇ ਸ਼ਰਮਾ, ਸਰੂਪ ਚੰਦ ਸਿੰਗਲਾ ਅਤੇ ਬਠਿੰਡਾ ਤੋਂ ਸਾਬਕਾ ਵਿਧਾਇਕ ਪ੍ਰਕਾਸ਼ ਚੰਦ ਗਰਗ ਇਸ ਲਈ ਢੁੱਕਵੇਂ ਚਿਹਰੇ ਮੰਨੇ ਜਾ ਰਹੇ ਹਨ। ਸੁਖਬੀਰ ਸਿੰਘ ਦੇ ਨੇੜਲੇ ਸਹਿਯੋਗੀ ਐਨ ਕੇ ਸ਼ਰਮਾ ਪਾਰਟੀ ਦੇ ਹੋਰ ਦਾਅਵੇਦਾਰਾਂ ਤੋਂ ਅੱਗੇ ਹਨ, ਜਿਸ ਕਾਰਨ ਅਕਾਲੀ ਦਲ ਦੇ ਪ੍ਰਧਾਨ ਦੀਆਂ ਹਦਾਇਤਾਂ ਉੱਤੇ ਐਨ ਕੇ ਸ਼ਰਮਾ ਦੀ ਅਗਵਾਈ ਹੇਠ ਪਾਰਟੀ ਦੇ ਹਿੰਦੂ ਆਗੂਆਂ ਦੀ ਇੱਕ ਟੀਮ ਬਣਾਈ ਗਈ ਹੈ, ਜਿਹੜੀ ਪੰਜਾਬ ਦੇ ਸਾਰੇ 117 ਵਿਧਾਨ ਸਭਾ ਹਲਕਿਆਂ ਦਾ ਦੌਰਾ ਕਰੇਗੀ ਅਤੇ ਕਾਰੋਬਾਰੀਆਂ ਅਤੇ ਉਦਯੋਗਪਤੀਆਂ ਨੂੰ ਅਕਾਲੀ ਦਲ ਦੇ ਸਮਰਥਨ ਵਿੱਚ ਲਾਮਬੱਧ ਕਰਨ ਦਾ ਯਤਨ ਕਰੇਗੀ।

# ਗੁਰਦੁਆਰੇ ਦੀ ਜ਼ਮੀਨ ਉਤੇ ਨਾਜਾਇਜ਼ ਮਾਈਨਿੰਗਬਾਰੇ ਹਾਈ ਕੋਰਟ ਨੇ ਜਵਾਬ ਮੰਗਿਆ

ਚੰਡੀਗੜ੍ਹ, 18 ਜੁਲਾਈ (ਪੋਸਟ ਬਿਊਰੋ)- ਕਪੂਰਥਲਾ ਜ਼ਿਲੇ ਦੇ ਬੁਟ-ਾਲਾ ਪਿੰਡ ਵਿੱਚ ਸਰਪੰਚ ਅਤੇ ਸਾਬਕਾ ਸਰਪੰਚ ਦੇ ਇਸ਼ਾਰੇ ਉੱਤੇ ਗੁਰਦੁਆਰੇ ਦੀ ਜ਼ਮੀਨ ਵਿੱਚੋਂ ਨਾਜਾਇਜ਼ ਮਾਈਨਿੰਗ ਹੋਣ ਬਾਰੇ ਪੰਜਾਬ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ, ਕਪੂਰਥਲੇ ਦੇ ਡਿਪਟੀ ਕਮਿਸ਼ਨਰ, ਜ਼ਿਲਾ ਪੁਲਸ ਮੁਖੀ ਅਤੇ ਸਬੰਧਤ ਥਾਣੇ ਦੇ ਐਸ ਐਚ ਓ ਨੂੰ 10 ਅਗਸਤ ਦੇ ਲਈ ਨੋਟਿਸ ਜਾਰੀ ਕਰ ਕੇ ਜਵਾਬ ਮੰਗ ਲਿਆ ਹੈ। ਜਸਟਿਸ ਅਜੈ ਤਿਵਾੜੀ ਅਤੇ ਜਸਟਿਸ ਵਿਕਾਸ ਬਹਿਲ ਦੀ ਬੈਂਚ ਨੇ ਇਹ ਨੋਟਿਸ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵੱਲੋਂ ਐਡਵੋਕੇਟ ਵਿਕਰਮ ਆਨੰਦ ਦੇ ਰਾਹੀਂ ਦਾਇਰ ਪਟੀਸ਼ਨ ਉੱਤੇ ਸੁਣਵਾਈ ਮੌਕੇ ਜਾਰੀ ਕੀਤਾ। ਪਟੀਸ਼ਨ ਵਿੱਚ ਨਾਜਾਇਜ਼ ਮਾਈਨਿੰਗ ਉੱਤੇ ਰੋਕ ਲਾਉਣ ਤੇ ਇਸ ਦੇ ਦੋਸ਼ੀਆਂ ਦੇ ਖਿਲਾਫ ਅਪਰਾਧਕ ਕੇਸ ਦਰਜ ਕਰਨ ਦੀ ਮੰਗ ਕੀਤੀ ਗਈ ਹੈ। ਹਾਈ ਕੋਰਟ ਨੂੰ ਦੱਸਿਆ ਗਿਆ ਕਿ ਪਿੰਡ ਦੀ ਸਰਪੰਚ ਜਸਵਿੰਦਰ ਕੌਰ ਅਤੇ ਉਸ ਦਾ ਸਾਬਕਾ ਸਰਪੰਚਪਤੀਇਸ ਗੁਰਦ-ਆਰੇ ਦੀ ਜ਼ਮੀਨ ਉੱਤੇ ਕਬਜ਼ੇ ਲਈ 14 ਮਈ ਨੂੰ ਇੱਥੇ ਆਏ ਸਨ। ਜਦ ਲੋਕਾਂ ਨੇ ਉਨ੍ਹਾਂ ਨੂੰ ਰੋਕਿਆ ਤਾਂ ਉਹ ਚਿਤਾਵਨੀ ਦੇ ਕੇ ਚਲੇ ਗਏ ਕਿ ਉਹ ਦੋਬਾਰਾ ਆਉਣਗੇ ਅਤੇ ਅਗਲੇ ਹੀ ਦਿਨ ਇਥੇ ਪਹੁੰਚ ਗਏ। ਫਿਰ ਉਹ ਗੁਰਦੁਆਰੇ ਦੀ ਜ਼ਮੀਨ ਉੱਤੇ ਨਾਜਾਇਜ਼ ਮਾਈਨਿੰਗ ਕਰ ਕੇ ਰੇਤ ਕੱਢਣ ਲੱਗ ਗਏ। ਨਾਜਾਇਜ਼ ਮਾਈਨਿੰਗ ਨਾਲ ਉਥੇ ਬਣੀ ਟੈਂਕੀ ਦੇ ਡਿੱਗਣ ਦਾ ਖਤਰਾ ਵੀ ਬਣ ਗਿਆ ਹੈ। ਪਟੀਸ਼ਨ ਦੇ ਮੁਤਾਬਕ ਗੁਰਦੁਆਰਾ ਸ੍ਰੀ ਸਿੰਘ ਸਭਾ ਨੇ ਇਸ ਦੀ ਸ਼ਿਕਾਇਤ ਲੋਕਲ ਪੁਲਸ ਨੂੰ ਦਿੱਤੀ, ਪਰ ਕੋਈ ਕਾਰਵਾਈ ਨਹੀਂ ਹੋਈ। ਡਿਪਟੀ ਕਮਿਸ਼ਨਰ ਅਤੇ ਐਸ ਐਸ ਪੀ ਤਕ ਨੇ ਸ਼ਿਕਾਇਤ ਉੱਤੇ ਕਾਰਵਾਈ ਨਹੀਂ ਕੀਤੀ। ਇਸ ਤੋਂ ਸਪੱਸ਼ਟ ਹੈ ਕਿ ਉਨ੍ਹਾਂ ਦੇ ਰਸੂਖ ਕਾਰਨ ਕੋਈ ਇਨ੍ਹਾਂ ਉੱਤੇ ਕਾਰਵਾਈ ਨਹੀਂ ਕਰ ਰਿਹਾ। ਇੱਕ ਜੂਨ ਨੂੰ ਬੀ ਡੀ ਪੀ ਓ ਦੀ ਰਿਪੋਰਟ ਤੋਂ ਸਾਬਤ ਹੋ ਗਿਆ ਕਿ ਇੱਥੇ ਨਾਜਾਇਜ਼ ਮਾਈਨਿੰਗ ਹੁੰਦੀ ਹੈ। ਇਸ ਰਿਪੋਰਟ ਉੱਤੇ ਵੀ ਕੋਈ ਕਾਰਵਾਈ ਨਹੀਂ ਹੋਈ ਤਾਂ ਹਾਈ ਕੋਰਟ ਵਿੱਚ ਅਰਜ਼ੀ ਦਾਇਰ ਕੀਤੀ ਗਈ ਹੈ।




# ਡੰਮੀ ਅਲਟਰਾਸਾਊਂਡ ਮਸ਼ੀਨ ਨਾਲ ਲਿੰਗ ਜਾਂਚ ਹੁੰਦੀ ਫੜੀ

ਧੂਰੀ, 18 ਜੁਲਾਈ (ਪੋਸਟ ਬਿਊਰੋ)- ਸਿਹਤ ਵਿਭਾਗ ਹਰਿਆਣਾ ਦੀ ਟੀਮ ਨੇ ਇੱਕ ਪ੍ਰਾਈਵੇਟ ਏਜੰਸੀ ਦੀ ਮਦਦ ਨਾਲ ਧੂਰੀ ਨੇੜਲੇ ਪਿੰਡ ਬਰੜਵਾਲ ਵਿਖੇ ਗਰਭਵਤੀਆਂ ਦੇ ਭਰੂਣ ਦੀ ਲਿੰਗ ਜਾਂਚ ਕਰਨ ਦੇ ਅੰਤਰਰਾਜੀ ਗਿਰੋਹ ਦਾ ਪਰਦਾ ਫਾਸ਼ ਕੀਤਾ ਅਤੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਇਸ ਸੰਬੰਧ ਵਿੱਚ ਸਥਾਨਕ ਸਿਵਲ ਹਸਪਤਾਲ ਵਿਖੇ ਸਪੀਡ ਨੈਟਵਰਕ ਹਰਿਆਣਾ ਦੇ ਡਾਇਰੈਕਟਰ ਨਰੇਸ਼ ਦੱਤ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਨ੍ਹਾਂ ਨੂੰ ਸੂਤਰਾਂ ਤੋਂ ਪਤਾ ਲੱਗਾ ਸੀ ਕਿ ਏਥੇ ਲਿੰਗ ਜਾਂਚ ਕਰਨ ਵਾਲਾ ਗਿਰੋਹ ਸਰਗਰਮ ਸੀ ਅਤੇ ਪਿੰਡ ਬਰੜਵਾਲ ਵਿੱਚ ਗੁਰਮੀਤ ਕੌਰ ਨਾਮੀ ਔਰਤ ਆਪਣੇ ਏਜੰਟਾਂ ਰਾਹੀਂ ਹਰਿਆਣੇਤੋਂ ਗਰਭਵਤੀ ਔਰਤਾਂ ਨੂੰ ਲਿੰਗ ਜਾਂਚ ਕਰਨ ਦਾ ਝਾਂਸਾ ਦੇ ਕੇ ਪੈਸੇ ਬਟੋਰਨ ਦਾ ਕੰਮ ਕਰਦੀ ਹੈ। ਕੱਲ੍ਹ ਉਨ੍ਹਾਂ ਨੇ ਇੱਕ ਔਰਤ ਨੂੰ ਫਰਜ਼ੀ ਗਾਹਕ ਵਜੋਂ ਜਾਂਚ ਕਰਾਉਣ ਲਈ ਉਕਤ ਔਰਤ ਕੋਲ ਭੇਜਿਆ। ਉਸ ਨਾਲ 10 ਹਜ਼ਾਰ ਰੁਪਏ ਦਾ ਸੌਦਾ ਤੈਅ ਹੋਇਆ। ਹਰਿਆਣੇ ਦੀ ਟੀਮ ਨੇ ਜ਼ਿਲ੍ਹਾ ਸੰਗਰੂਰ ਦੀ ਸਿਹਤ ਵਿਭਾਗ ਦੀ ਟੀਮ ਨਾਲ ਮਿਲ ਕੇ ਉਸ ਔਰਤ ਨੂੰ ਮੌਕੇ ਉੱਤੇ ਕਾਬੂ ਗਿਆ, ਜੋ ਪਿੰਡ ਤੋਂ ਬਾਹਰ ਕਿਸੇ ਦੇ ਮਕਾਨ ਵਿੱਚ ਇਹ ਗੈਰ ਕਾਨੂੰਨੀ ਕੰਮ ਕਰਦੀ ਸੀ।ਰਮੇਸ਼ ਦੱਤ ਨੇ ਦੱਸਿਆ ਕਿ ਜਾਂਚ ਤੋਂ ਪਤਾ ਲੱਗਾ ਕਿ ਫੜੀ ਗਈ ਔਰਤ ਪਾਸੋਂ ਬਰਾਮਦ ਹੋਈ ਅਲਟਰਾਸਾਊਂਡ ਮਸ਼ੀਨ ਡੰਮੀ ਹੈ, ਜਿਸ ਨਾਲ ਉਹ ਭੋਲੇ ਲੋਕਾਂ ਨੂੰ ਗੁੰਮ-ਰਾਹ ਕਰ ਕੇ ਪੈਸੇ ਠੱਗਦੀ ਸੀ। ਇਸ ਕੇਸ ਵਿੱਚ ਕਈ ਹੋਰ ਆਸ਼ਾ ਵਰਕਰਾਂ ਦੇ ਸਬੰਧਤ ਹੋਣ ਦੀ ਸੰਭਾਵਨਾ ਹੋਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਮਿਲੀ ਜਾਣਕਾਰੀ ਅਨੁਸਾਰ ਗੁਰਮੀਤ ਕੌਰ 2003 ਤਕ ਸਿਹਤ ਵਿਭਾਗ ਵਿੱਚ ਆਸ਼ਾ ਵਰਕਰ ਦੇ ਤੌਰ ਉੱਤੇ ਕੰਮ ਕਰਦੀ ਸੀ ਅਤੇ ਉਸ ਪਿੱਛੋਂ ਉਸ ਨੇ ਨੌਕਰੀ ਛੱਡ ਕੇ ਪਿੰਡ ਵਿੱਚ ਇਹ ਕੰਮ ਸ਼ੁਰੂ ਕਰ ਲਿਆ ਸੀ।

# ਰੇਲਵੇ ਸਟੇਸ਼ਨ ਉਤੇ ਅਪਰੂਵਡ ਬ੍ਰਾਂਡ ਪੈਕਡ ਪਾਣੀ ਦੇ ਪੰਜ ਰੁਪਏ ਵੱਧ ਵਸੂਲਣ ਦਾ ਇੱਕ ਲੱਖ ਜੁਰਮਾਨਾ

ਲੁਧਿਆਣਾ, 18 ਜੁਲਾਈ (ਪੋਸਟ ਬਿਊਰੋ)- ਰੇਲਵੇ ਸਟੇਸ਼ਨ ਉੱਤੇ ਅਪਰੂਵਡ ਪੈਕਡ ਪਾਣੀ ਵੇਚਣ ਰਹੇ ਠੇਕੇਦਾਰ ਵੱਲੋਂ ਯਾਤਰੀ ਤੋਂ ਪੰਜ ਰੁਪਏ ਵੱਧ ਵਸੂਲਣ ਦੀ ਸ਼ਿਕਾਇਤ ਉੱਤੇ ਕਮਰਸ਼ੀਅਲ ਵਿਭਾਗ ਦੇ ਅਧਿਕਾਰੀਆਂ ਨੇ ਟਰਾਲੀ ਵੈਂਡਰ ਨੂੰ ਇੱਕ ਲੱਖ ਰੁਪਏ ਜੁਰਮਾਨਾ ਅਦਾ ਕਰਨ ਦੇ ਹੁਕਮ ਦਿੱਤੇ ਹਨ।




ਕਮਰਸ਼ੀਅਲ ਅਧਿਕਾਰੀਆਂ ਦੇ ਅਨੁਸਾਰ ਰੇਲਵੇ ਯਾਤਰੀ ਗੁਡੂ ਯਾਦਵ ਨੇ ਵਿਭਾਗ ਦੇ ਉਚ ਅਧਿਕਾਰੀਆਂ ਨੂੰ ਐਸ ਐਮ ਐਸ ਕਰ ਕੇ ਸ਼ਿਕਾਇਤ ਦਿੱਤੀ ਸੀ ਕਿ ਚਾਰ ਜੁਲਾਈ ਨੂੰ ਯਾਤਰਾ ਦੌਰਾਨ ਉਸ ਨੇ ਪਲੇਟਫਾਰਮ ਉੱਤੇ ਟਰਾਲੀ ਨੰਬਰ ਚਾਲੀ, ਜੋ ਅਮਰਜੀਤ ਸਿੰਘ ਦੇ ਨਾਂਅ ਉੱਤੇ ਹੈ, ਉੱਤੇ ਕੰਮ ਕਰ ਰਹੇ ਸੇਲਜ਼ਮੈਨ ਰਾਜੂ ਤੋਂ ਪਾਣੀ ਦੀ ਬੋਤਲ ਖਰੀਦੀ ਤਾਂ ਪਹਿਲਾਂ ਸੇਲਜ਼ਮੈਨ ਨੇ ਉਸ ਨੂੰ ਰੇਲ ਨੀਰ ਦੀ ਜਗ੍ਹਾ ਕਿੰਗਫਿਸ਼ਰ ਪੈਕਡ ਪਾਣੀ ਦੀ ਬੋਤਲ ਦਿੱਤੀ ਤੇ ਦੂਸਰਾ ਉਸ ਤੋਂ ਵੀਹ ਰੁਪਏ ਵਸੂਲ ਕੀਤੇ, ਜਦ ਕਿ ਵਿਭਾਗ ਨੇ ਪਾਣੀ ਦੀ ਬੋਤਲ ਦਾ ਰੇਟ 15 ਰੁਪਏ ਰੱਖਿਆ ਹੈ।ਵਰਨਣਯੋਗ ਹੈ ਕਿ ਰੇਲਵੇ ਵਿਭਾਗ ਵੱਲੋਂ ਰੇਲਵੇ ਸਟੇਸ਼ਨ ਉੱਤੇਸਿਰਫ ਰੇਲ ਨੀਰ ਵੇਚਣ ਦੀ ਮਨਜ਼ੂਰੀ ਹੈਅਤੇ ਸਟਾਲ ਵਾਲੇ ਹੋਰ ਕਿਸੇ ਬਰਾਂਡ ਦੇ ਪੈਕਡ ਪਾਣੀ ਦੀ ਬੋਤਲ ਨਹੀਂ ਵੇਚ ਸਕਦੇ। ਸ਼ਿਕਾਇਤ ਮਿਲਣ ਉੱਤੇ ਅਧਿਕਾਰੀਆਂ ਨੇਇਸ ਦੀ ਜਾਂਚ ਸਥਾਨਕ ਸੀ ਐਮ ਆਈ ਅਜੈ ਕੁਮਾਰ ਨੂੰ ਦਿੱਤੀ ਤਾਂ ਇਸ ਸਥਾਨਕ ਅਧਿਕਾਰੀਆਂ ਨੇ ਮੌਕੇ ਉੱਤੇ ਜਾ ਕੇ ਜਾਂਚ ਵੀ ਕੀਤੀ ਤਾਂ ਪਤਾ ਲੱਗਾ ਕਿ ਸਟਾਲ ਉੱਤੇ ਵਿਭਾਗ ਵੱਲੋਂ ਅਪਰੂਵਡ ਪਾਣੀ ਦੀ ਪੈਕਡ ਬੋਤਲ ਹੈ ਅਤੇ ਇਸ ਦੀ ਪੁਸ਼ਟੀ ਹੋਈ ਕਿ ਸੇਲਜ਼ਮੈਨ ਨੇ ਪਾਣੀ ਦੀ ਬੋਤਲ ਦੇ ਪੰਜ ਰੁਪਏ ਵੱਧ ਵਸੂਲੇ ਹਨ, ਜਿਸ ਉੱਤੇ ਉਨ੍ਹਾਂ ਨੇ ਰਿਪੋਰਟ ਤਿਆਰ ਕਰ ਕੇ ਉਚ ਅਧਿਕਾਰੀਆਂ ਨੂੰ ਭੇਜ ਦਿੱਤੀ।ਸ਼ਿਕਾਇਤ ਅਤੇ ਜਾਂਚ ਦੀ ਰਿਪੋਰਟ ਦਾ ਨੋਟਿਸ ਲੈਂਦੇ ਹੋਏ ਨਾਰ-ਦਰਨ ਰੇਲਵੇ ਫਿਰੋਜ਼ਪੁਰ ਦੇ ਸੀਨੀਅਰ ਡਵੀਜ਼ਨਲ ਕਮਰਸ਼ੀਅਲ ਮੈਨੇਜਰ ਨੇ ਕੈਟਰਿੰਗ ਕੰਟ੍ਰੈਕਟਰ ਨੂੰ ਇੱਕ ਲੱਖ ਰੁਪਏ ਜੁਰਮਾਨਾ ਭਰਨ ਦੇ ਹੁਕਮ ਦਿੱਤੇ ਅਤੇ ਜੁਰਮਾਨਾ 10 ਦਿਨ ਦੇ ਅੰਦਰ ਜਮ੍ਹਾਂ ਕਰਾਉਣ ਦੇ ਲਈ ਕਿਹਾ। ਸੂਤਰਾਂ ਦਾ ਕਹਿਣਾ ਹੈ ਕਿ ਜੇ ਵਿਭਾਗ ਵੱਲੋਂ ਕੀਤਾ ਜੁਰਮਾਨਾ ਸਮੇਂ ਸਿਰਜਮ੍ਹਾਂ ਨਾ ਕਰਵਾਇਆ ਤਾਂ ਵਿਭਾਗ ਵੱਲੋਂ ਉਕਤ ਠੇਕੇਦਾਰ ਖਿਲਾਫ ਸਖਤ ਕਾਰਵਾਈ ਕੀਤੀ ਜਾ ਸਕਦੀ ਹੈ।

# ਪੁਲਸ ਦੀ ਗੋਲੀ ਨਾਲ ਹੋਈ ਮੌਤ ਬਾਰੇ ਤਿੰਨ ਥਾਣੇਦਾਰਾਂ ਖਿਲਾਫ ਕੇਸ



ਜੰਡਿਆਲਾ ਗੁਰੂ, 18 ਜੁਲਾਈ (ਪੋਸਟ ਬਿਊਰੋ)- ਅੰਬਾਲਾ ਸ਼ਹਿਰ ਤੋਂ ਇੱਕ ਡਾਕਟਰ ਕੋਲੋਂ ਫਾਰਚੂਨਰ ਗੱਡੀ ਖੋਹ ਕੇ ਅੰਮ੍ਰਿਤਸਰ ਵੱਲ ਆ ਰਹੇ ਦੋਸ਼ੀ ਦੀ ਨਿੱਜਰਪੁਰਾ ਟੋਲ ਪਲਾਜ਼ੇ ਕੋਲ ਪੁਲਸ ਗੋਲੀਬਾਰੀ ਵਿੱਚ ਮੌਤ ਦੇ ਦੋਸ਼ ਵਿੱਚ ਸੀ ਆਈ ਏ ਸਟਾਫ ਦੇ ਤਿੰਨ ਥਾਣੇਦਾਰਾਂ ਉੱਤੇ ਥਾਣਾ ਜੰਡਿਆਲਾ ਗੁਰੂ ਵਿੱਚ ਕੇਸ ਦਰਜ ਕੀਤਾ ਗਿਆ। ਇਹ ਕਾਰਵਾਈ ਹਾਈ ਕੋਰਟ ਵੱਲੋਂ ਆਈ ਜੀ ਬਾਰਡਰ ਰੇਂਜ ਨੂੰ ਸੌਂਪੀ ਜਾਂਚ ਤੋਂ ਬਾਅਦ ਹੋਈ ਹੈ। ਡੀ ਐਸ ਪੀ ਜੰਡਿਆਲਾ ਗੁਰੂ ਸੁਖਵਿੰਦਰ ਪਾਲ ਸਿੰਘ ਨੇ ਦੱਸਿਆ ਕਿ ਬੀਤੇ ਸਾਲ ਦਸੰਬਰ ਵਿੱਚ ਸੀ ਆਈ ਏ ਸਟਾਫ ਅੰਮ੍ਰਿਤਸਰ ਦੀ ਪੁਲਸ ਗੋਲਡਨ ਗੇਟ ਉੱਤੇ ਮੌਜੂਦ ਸੀ ਤਾ ਉਨ੍ਹਾਂ ਨੂੰ ਸੂਚਨਾ ਮਿਲੀ ਕਿ ਇੱਕ ਵਿਅਕਤੀ ਅੰਬਾਲਾ ਤੋਂ ਕਾਰ ਖੋਹ ਕੇ ਅੰਮ੍ਰਿਤਸਰ ਵੱਲ ਆ ਰਿਹਾ ਹੈ, ਜਿਸ ਦਾ ਪਿੱਛਾ ਅੰਬਾਲਾ ਪੁਲਸ ਕਰ ਰਹੀ ਸੀ। ਸੀ ਆਈ ਏ ਸਟਾਫ ਨੇ ਗੋਲਡਨ ਗੇਟ ਤੋਂ ਨਿੱਜਰਪੁਰਾ ਟੋਲ ਪਲਾਜ਼ਾ ਉੱਤੇ ਆ ਕੇ ਨਾਕਾਬੰਦੀ ਕਰ ਲਈ। ਸ਼ਾਮ ਨੂੰ ਕਰੀਬ 6.45 ਉੱਤੇ ਮੁਲਜ਼ਮ ਇੰਦਰਜੀਤ ਸਿੰਘ ਨਾਕੇ ਉੱਤੇ ਪਹੁੰਚਿਆ ਤਾਂ ਪੁਲਸ ਨੇ ਉਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਪਰ ਜਦੋਂ ਉਹ ਬੈਰੀਕੇਡ ਤੋੜ ਕੇ ਅੱਗੇ ਵਧਿਆ ਤਾਂ ਸੀ ਆਈ ਏ ਸਟਾਫ ਦੇ ਮੁਲਾਜ਼ਮਾਂ ਨੇ ਗੱਡੀ ਉੱਤੇ ਗੋਲੀ ਚਲਾ ਦਿੱਤੀ। ਜ਼ਖਮੀ ਦੋਸ਼ੀ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਇਸ ਬਾਰੇ ਹੁਸ਼ਿਆਰਪੁਰ ਵਾਸੀ ਇੰਦਰਜੀਤ ਸਿੰਘ ਦੇ ਪਰਵਾਰ ਨੇ ਹਾਈ ਕੋਰਟ ’ਚ ਅਪੀਲ ਕੀਤੀ ਸੀ, ਜਿਸ ਨੇ ਜਾਂਚ ਲਈ ਜ਼ਿੰਮੇਵਾਰੀ ਆਈ ਜੀ ਬਾਰਡਰ ਰੇਂਜ ਨੂੰ ਦਿੱਤੀ ਸੀ। ਜਾਂਚ ਦੇ ਨਤੀਜੇ ਅਨੁਸਾਰ ਏ ਐਸ ਆਈ ਵਿਨੋਦ ਕੁਮਾਰ, ਏ ਐਸ ਆਈ ਦਰਸ਼ਨ ਸਿੰਘ ਅਤੇ ਏ ਐਸ ਆਈ ਸੁਰਿੰਦਰ ਕੁਮਾਰ ਖਿਲਾਫ ਕੇਸ ਦਰਜ ਕਰ ਲਿਆ ਗਿਆ ਹੈ।

# ਕਨੇਡਾ ਦਾ ਫਰਜ਼ੀ ਵੀਜ਼ਾ ਲਾ ਕੇ ਨੌਜਵਾਨ ਤੋਂ 12.87 ਲੱਖ ਹੜੱਪੇ

ਕਪੂਰਥਲਾ, 18 ਜੁਲਾਈ (ਪੋਸਟ ਬਿਊਰੋ)- ਇੱਕ ਨੌਜਵਾਨ ਦਾ ਕਨੇਡਾ ਦਾ ਫਰਜ਼ੀ ਵੀਜ਼ਾ ਲਵਾ ਕੇ ਉਸ ਨੂੰ ਕੈਨੇਡਾ ਦੀ ਥਾਂ ਕੰਬੋਡੀਆ ਭੇਜ ਕੇ 12.87 ਲੱਖ ਰੁਪਏ ਦੀ ਰਕਮ ਹੜੱਪਣ ਦੇ ਦੋਸ਼ ਵਿੱਚ ਥਾਣਾ ਢਿਲਵਾਂ ਦੀ ਪੁਲਸ ਨੇ ਤਿੰਨ ਔਰਤਾਂ ਸਮੇਤ ਚਾਰ ਦੋਸ਼ੀਆਂ ਖਿਲਾਫ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਹੈ। ਰਾਮ ਕੁਮਾਰ ਪੁੰਜ ਪੁੱਤਰ ਮੁਨੀ ਲਾਲ ਵਾਸੀ ਲਾਧੂਕੀ ਢਿੱਲਵਾਂ ਨੇ ਐਸ ਐਸ ਪੀ ਕਪੂਰਥਲਾ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ ਉਸ ਨੇ ਦਸੰਬਰ 2019 ਵਿੱਚ ਆਪਣੇ ਬੇਟੇ ਸ਼ਿਵਮ ਪੁੰਜ ਨੂੰ ਕਨੇਡਾ ਭੇਜਣ ਦੇ ਲਈ ਪਲਵਿੰਦਰ ਕੌਰ ਪਤਨੀ ਸੁਰਜੀਤ ਸਿੰਘ ਵਾਸੀ ਪੱਤੀ ਲਾਧੂਕੀ ਢਿਲਵਾਂ, ਹਰਪ੍ਰੀਤ ਕੌਰ ਪਤਨੀ ਜਸਪਾਲ ਸਿੰਘ ਵਾਸੀ ਮਨਸੂਰਵਾਲ ਬੇਟ ਹਾਲ ਵਾਸੀ ਪੱਤੀ ਲਾਧੂਕੀ ਢਿੱਲਵਾਂ, ਕੰਚਨ ਪਤਨੀ ਹਰਜਿੰਦਰ ਸਿੰਘ ਅਤੇ ਹਰਜਿੰਦਰ ਸਿੰਘ ਉਰਫ ਹੈਰੀ ਪੁੱਤਰ ਦਰਸ਼ਨ ਸਿੰਘ ਵਾਸੀ ਠਕਰਪੁਰਾ ਤਹਿਸੀਲ ਪੱਟੀ ਜ਼ਿਲ੍ਹਾ ਤਰਨ ਤਾਰਨ ਨਾਲ 15 ਲੱਖ ਰੁਪਏ ਵਿੱਚ ਸੌਦਾ ਤੈਅ ਕੀਤਾ ਸੀ, ਜਿਸ ਦੇ ਬਾਅਦ ਉਸ ਨੇ ਦੋਸ਼ੀਆਂ ਨੂੰ ਇੱਕ ਲੱਖ ਰੁਪਏ ਦੀ ਨਕਦੀ ਤੇ ਪਾਸਪੋਰਟ ਐਡਵਾਂਸ ਵਿੱਚ ਦੇ ਦਿੱਤਾ।ਇਸ ਦੇ ਕੁਝ ਦਿਨਾਂ ਦੇ ਬਾਅਦ ਦੋਸ਼ੀਆਂ ਨੇ ਉਸ ਦੇ ਬੇਟੇ ਦੀ ਫਲਾਈਟ ਬੈਂਕਾਕ ਦੀ ਕਰਵਾ ਦਿੱਤੀ, ਜਿੱਥੇ ਕੁਝ ਦਿਨ ਬੈਠਣ ਦੇ ਬਾਅਦ ਉਸ ਨੂੰ ਕੰਬੋਡੀਆ ਭੇਜ ਦਿੱਤਾ ਗਿਆ। ਓਥੇ ਪਹੁੰਚਣ ਦੇ ਬਾਅਦ ਦੋਸ਼ੀਆਂ ਨੇ ਉਸ ਦੇ ਬੇਟੇ ਦਾ ਕੈਨੇਡਾ ਦਾ ਵੀਜ਼ਾ ਭੇਜ ਕੇ ਉਸ ਤੋਂ ਪੂਰੀ ਰਕਮ ਮੰਗੀ ਤਾਂ ਕਿ ਉਹ ਉਸ ਨੂੰ ਕਨੇਡਾ ਭੇਜ ਸਕਣ। ਉਨ੍ਹਾਂ ਵੱਲੋਂ ਭੇਜੇ ਕਨੇਡਾ ਦੇ ਵੀਜ਼ੇ ਨੂੰ ਦੇਖ ਕੇ ਉਸ ਨੇ 12.87 ਲੱਖ ਰੁਪਏ ਦੀ ਰਕਮ ਦੋਸ਼ੀਆਂ ਨੂੰ ਦਿੱਤੀ, ਜਿਨ੍ਹਾਂ ਵਿੱਚ ਕੁਝ ਅਮਰੀਕੀ ਡਾਲਰ ਦੋਸ਼ੀਆਂ ਦੇ ਕਹੇ ਉੱਤੇ ਆਪਣੇ ਬੇਟੇ ਨੂੰ ਕੰਬੋਡੀਆ ਭੇਜੇ ਸਨ।ਬਾਅਦ ਵਿੱਚ ਦੋਸ਼ੀਆਂ ਨੇ ਉਸ ਦੇ ਬੇਟੇ ਦੀ ਕਨੇਡਾ ਦੀ ਫਲਾਈਟ ਨਹੀਂ ਕਰਵਾਈ ਤਾਂ ਉਸ ਨੂੰ ਪਤਾ ਲੱਗਾ ਕਿ ਦੋਸ਼ੀਆਂ ਨੇ ਉਸ ਨੂੰ ਕਨੇਡਾ ਦਾ ਫਰਜ਼ੀ ਵੀਜ਼ਾ ਦਿੱਤਾ ਹੈ। ਫਿਰ ਉਸ ਨੇ ਕਿਸੇ ਤਰ੍ਹਾਂ ਆਪਣੇ ਖਰਚ ਉੱਤੇ ਆਪਣੇ ਬੇਟੇ ਨੂੰ ਕੰਬੋਡੀਆ ਤੋਂ ਭਾਰਤ ਵਾਪਸ ਬੁਲ-ਾਇਆ। ਜਦ ਉਸ ਨੇ ਚਾਰਾਂ ਦੋਸ਼ੀਆਂ ਤੋਂ ਆਪਣੀ ਰਕਮ ਵਾਪਸ ਮੰਗੀ ਤਾਂ ਉਸ ਨੂੰ 2.70 ਲੱਖ ਰੁਪਏ ਦਾ ਚੈਕ ਦੇ ਦਿੱਤਾ, ਜੋ ਬੈਂਕ ਵਿੱਚ ਨਹੀਂ ਲੱਗਾ। ਉਸ ਨੇ ਨਿਆਂ ਲੈਣ ਲਈ ਐਸ ਐਸ ਪੀ ਨੂੰ ਅਪੀਲ ਕੀਤੀ। ਜਾਂਚ ਦੇ ਬਾਅਦ ਚਾਰਾਂ ਦੋਸ਼ੀਆਂ ਪਲਵਿੰਦਰ ਕੌਰ, ਹਰਪ੍ਰੀਤ ਕੌਰ, ਕੰਚਨ ਅਤੇ ਹਰਜਿੰਦਰ ਸਿੰਘ ਉਰਫ ਹੈਰੀ ਦੇ ਖਿਲਾਫ ਲੱਗੇ ਸਾਰੇ ਦੋਸ਼ ਸਹੀ ਪਾਏ ਗਏ।








## ਵਰਕਰ ਦੀ ਲੋੜ

ਹੋਟਲ ਵਿਚ ਕਲੀਨਿੰਗ ਦਾ ਕੰਮ ਕਰਨ ਲਈ ਵਰਕਰ ਦੀ ਜ਼ਰੂਰਤ ਹੈ Dundas ਅਤੇ Hwy 27 ਦਾ ਏਰੀਆ, $16/hr ਦਿੱਤੇ ਜਾਣਗੇ, Full Time/Part Time ਕੰਮ।

**ਸੰਪਰਕ: 416-816-1695**

# ਕਿਸਾਨਾਂ ਤੋਂ ਪੈਸੇ ਉਗਰਾਹ ਕੇ ਆਉਂਦਾ ਅਫਸਰ ਫੜ੍ਹਿਆ ਗਿਆ

### * ਮਠਿਆਈ ਦੇ ਡੱਬਿਆਂ ਵਿੱਚੋਂ 16 ਲੱਖ ਰੁਪਏ ਮਿਲੇ

ਕੋਟਾ, 18 ਜੁਲਾਈ (ਪੋਸਟ ਬਿਊਰੋ)- ਚੀਫ ਕੰਟਰੋਲਰ ਆਫ ਫੈਕਟਰੀਜ਼ ਅਤੇ ਆਈ ਆਰ ਐਸ ਅਧਿਕਾਰੀ ਸ਼ਸ਼ਾਂਕ ਯਾਦਵ (38) ਨੂੰ ਕੱਲ੍ਹ ਸਵੇਰੇ ਭ੍ਰਿਸ਼ਟਾਚਾਰ ਰੋਕੂ ਬਿਊਰੋ (ਏ ਸੀ ਬੀ) ਜ਼ਿਲਾ ਕੋਟਾ ਦੀ ਟੀਮ ਨੇ ਹੈਂਗਿੰਗ ਬ੍ਰਿਜ ਉੱਤੇ ਫੜ ਲਿਆ। ਉਸ ਕੋਲੋਂ ਕਾਰ ਵਿੱਚ ਰੱਖੇ ਮਠਿਆਈ ਦੇ ਡੱਬਿਆਂ ਵਿੱਚੋਂ 15 ਲੱਖ ਰੁਪਏ, ਲੈਪਟਾਪ ਬੈਗ ਅਤੇ ਪਰਸ ਵਿੱਚ ਰੱਖੇ 1.32 ਲੱਖ ਰੁਪਏ ਬਰਾਮਦ ਹੋਏ। ਕਾਰ ਵਿੱਚੋਂ ਕੁੱਲ 16 ਲੱਖ 32 ਹਜ਼ਾਰ 410 ਰੁਪਏ ਮਿਲੇ। ਪਤਾ ਲੱਗਾ ਹੈ ਕਿ ਸ਼ਸ਼ਾਂਕ ਯਾਦਵ ਉਤਰ ਪ੍ਰਦੇਸ਼ ਦੇ ਗਾਜ਼ੀਪੁਰ ਵਿੱਚ ਅਫੀਮ ਫੈਕਟਰੀ ਦਾ ਜਨਰਲ ਮੈਨੇਜਰ ਹੈ ਅਤੇ ਉਸ ਕੋਲ ਮੱਧ ਪ੍ਰਦੇਸ਼ ਦੇ ਨੀਮਚ ਦੀ ਫੈਕਟਰੀ ਦਾ ਵਾਧੂ ਚਾਰਜ ਹੈ। ਇੰਨੀ ਵੱਡੀ ਰਕਮ ਬਾਰੇ ਉਹ ਤਸੱਲੀਬਖਸ਼ ਜਵਾਬ ਨਹੀਂ ਦੇ ਸਕਿਆ ਅਤੇ ਅਧਿਕਾਰੀਆਂ ਨੂੰ ਸਾਈਡ 'ਤੇ ਲਿਜਾ



ਕੇ ਰਿਸ਼ਵਤ ਦਾ ਆਫਰ ਦੇਣ ਲੱਗਾ ਕਿ ਮਾਮਲਾ ਇਥੇ ਹੀ ਲੈ-ਦੇ ਕੇ ਨਬੇੜ ਲਓ। ਇਸ ਉੱਤੇ ਅਧਿਕਾਰੀਆਂ ਨੇ ਉਸ ਦੀ ਝਾੜ-ਝੰਬ ਕੀਤੀ। ਉਸ ਉੱਤੇ ਦੋਸ਼ ਹੈ ਕਿ ਇੰਨੀ ਮੋਟੀ ਰਕਮ ਅਫੀਮ ਦੀ ਖੇਤੀ ਕਰਦੇ ਕਿਸਾਨਾਂ ਤੋਂ ਪੱਟੇ ਜਾਰੀ ਕਰਨ ਅਤੇ ਅਫੀਮ ਦੀ ਕਵਾਲਿਟੀ ਚੰਗੀ ਦੱਸਣ ਬਦਲੇ ਰਿਸ਼ਵਤ ਵਜੋਂ ਵਸੂਲੀ ਸੀ। ਉਸ ਨੇ ਵਾਹਨ ਉੱਤੇ ਲਾਲ-ਨੀਲੀ ਬੱਤੀ ਲਾਰੱਖੀ ਸੀ।

ਐਡੀਸ਼ਨਲ ਐੱਸ ਪੀ (ਏ ਸੀ ਬੀ) ਠਾਕੁਰ ਚੰਦਰਸ਼ੀਲ ਨੇ ਦੱਸਿਆ ਕਿ ਯਾਦਵ ਅਫੀਮ ਦੀ ਵਧੀਆ ਕਵਾਲਿਟੀ ਅਤੇ ਮਾਰਫੀਨ ਫੀਸਦੀ ਵੱਧ ਦੱਸਣ ਬਦਲੇ ਵਿਚ ਕਿਸਾਨਾਂ ਤੋਂ ਨਾਜਾਇਜ਼ ਤੌਰ ਉੱਤੇ ਵਸੂਲੀ ਕਰ ਰਿਹਾ ਸੀ।ਇਹ ਰਕਮ ਚਿਤੌੜਗੜ੍ਹ, ਪ੍ਰਤਾਪਗੜ੍ਹ, ਕੋਟਾ ਅਤੇ ਝਾਲਾਵਾੜ ਦੇ ਅਫੀਮ ਕਿਸਾਨਾਂ ਤੋਂ ਵਸੂਲੀ ਗਈ ਸੀ। ਜਿਹੜਾ ਕਿਸਾਨ ਰਿਸ਼ਵਤ ਦੇ ਦਿੰਦਾ ਹੈ, ਉਸ ਦੀ ਅਫੀਮ ਦੀ ਵਧੀਆ ਕੁਆਲਟੀ ਤੇ ਮਾਰਫੀਨ ਫੀਸਦੀ ਵੱਧ ਦੱਸੀ ਜਾਂਦੀ, ਪਰ ਜਿੱਥੋਂ ਰਿਸ਼ਵਤ ਨਹੀਂ ਸੀ ਮਿਲਦੀ, ਉਸ ਦੀ ਅਫੀਮ ਨੂੰ ਘਟੀਆ ਦੱਸ ਦਿੰਦਾ ਸੀ। ਏ ਸੀ ਬੀ ਨੂੰ ਸੂਚਨਾ ਮਿਲੀ ਕਿ ਯਾਦਵ ਦੇ ਇਸ਼ਾਰਿਆਂ ਉੱਤੇ ਨੀਮਚ ਅਫੀਮ ਲੈਬ ਦੇ ਅਜੀਤ ਸਿੰਘ ਅਤੇ ਕੋਡਿੰਗ ਟੀਮ ਦੇ ਦੀਪਕ ਕੁਮਾਰ ਯਾਦਵ ਨੇ ਦਲਾਲਾਂ ਦੇ ਜ਼ਰੀਏ ਛੇ ਹਜ਼ਾਰ ਤੋਂ ਵੱਧ ਅਫੀਮ ਕਿਸਾਨਾਂ ਤੋਂ 10-12 ਆਰੀ ਦੇ ਪੱਟੇ ਦਿਵਾਉਣ ਦੇ ਨਾਂਅ ਉੱਤੇ 30 ਤੋਂ 36 ਕਰੋੜ ਰੁਪਏ ਐਡਵਾਂਸ ਵਸੂਲ ਲਏ ਹਨ। ਅਜੇ ਚਾਲੀ ਹਜ਼ਾਰ ਤੋਂ ਵੱਧ ਕਿਸਾਨਾਂ ਦੀ ਜਾਂਚ ਬਾਕੀ ਹੈ।

### ਚੀਫ ਜਸਟਿਸ ਰਮੰਨਾ ਵੱਲੋਂ ਚੁਣੌਤੀ :

# ਭਾਰਤੀ ਅਦਾਲਤਾਂ ਵਿੱਚ 4.5 ਕਰੋੜ ਕੇਸ ਪੈਂਡਿੰਗ ਦਾ ਅੰਕੜਾ ਵਧਾ ਕੇ ਦੱਸਿਆ ਗਿਐ

ਨਵੀਂ ਦਿੱਲੀ, 18 ਜੁਲਾਈ (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਦੇ ਚੀਫ ਜਸਟਿਸ ਐਨ ਵੀ ਰਮੰਨਾ ਨੇ ਕਿਹਾ ਹੈ ਕਿ ਭਾਰਤੀ ਅਦਾਲਤਾਂ ਵਿੱਚ 4.5 ਕਰੋੜ ਕੇਸ ਪੈਂਡਿੰਗ ਹੋਣ ਦਾ ਅੰਕੜਾ ਇੱਕ ਹੈਰਾਨ ਕਰ ਦੇਣ ਵਾਲਾ ਕਥਨ ਹੈ ਅਤੇ ਸਹੀ ਢੰਗ ਨਾਲ ਕੀਤਾ ਗਿਆ ਵਿਸ਼ਲੇਸ਼ਣ ਨਹੀਂ, ਇਸ ਨੂੰ ਵਧਾ ਚੜ੍ਹਾ ਕੇ ਪੇਸ਼ ਕੀਤਾ ਗਿਆ ਹੈ। ਕੇਸਾਂ ਵਿੱਚ ਦੇਰੀ ਹੋਣ ਦੇ ਕਾਰਨਾਂ ਵਿੱਚੋਂ ਇੱਕ ਉਹ ਹੈ, ਜੋਸਮਾਂ ਲੰਘਾਉਣ ਲਈ ਪਟੀਸ਼ਨ ਨੂੰ ਦਾਇਰ ਕੀਤਾ ਜਾਣਾ ਹੈ।

ਕੱਲ੍ਹ 'ਭਾਰਤ-ਸਿੰਗਾਪੁਰ ਵਿਚੋਲਗਿਰੀ ਸਿਖਰ ਸੰਮੇਲਨ ਮੇਕਿੰਗ ਮੇਡੀਏਸ਼ਨ ਮੇਨਸਟਰੀਮ: ਰਿਫਲੈਕਸ਼ਨਜ਼ ਫਰਾਮ ਇੰਡੀਆ ਐਂਡ ਸਿੰਗਾਪੁਰ' ਨੂੰ ਸੰਬੋਧਨ ਕਰਦਿਆਂ ਜਸਟਿਸ ਰਾਮੰਨਾ ਨੇ ਕਿਹਾ ਕਿ ਕੇਸਾਂ ਦੀ ਵੱਡੀ ਗਿਣਤੀ ਨੂੰ ਕੇਸਾਂਦਾ ਭਾਰ ਨਿਪਟਾਉਣ ਵਿੱਚ ਭਾਰਤੀ ਨਿਆਂ ਪਾਲਿਕਾ ਦੀ ਅਸਮਰੱਥਾ ਮੰਨਿਆ ਜਾਂਦਾ ਹੈ।ਉਨ੍ਹਾਂ ਕਿਹਾ ਕਿ ਹਰ ਸਮਾਜ ਵਿੱਚ ਸਿਆਸੀ, ਆਰਥਿਕ, ਸਮਾਜਕ, ਸਭਿਆਚਾਰਕ ਅਤੇ ਧਾਰਮਿਕ ਸਮੇਤ ਵੱਖ-ਵੱਖ ਕਾਰਨਾਂ ਕਾਰਨ ਸੰਘਰਸ਼



ਹੁੰਦਾ ਹੀ ਹੈ। ਸੰਘਰਸ਼ ਦੇ ਹੱਲ ਦਾਸਿ-ਸਟਮ ਵਿਕਸਿਤ ਕਰਨ ਦੀ ਲੋੜ ਹੈ। ਭਾਰਤ ਦਾ ਮਹਾਕਾਵਿ 'ਮਹਾਭਾਰਤ' ਅਸਲ ਵਿੱਚ ਸੰਘਰਸ਼ ਦੇ ਹੱਲ ਰਾਹੀਂ ਸ਼ੁਰੂ ਵਿੱਚ ਵਿਚੋਲਗੀ ਦੇ ਯਤਨ ਦੀ ਮਿਸਾਲ ਪੇਸ਼ ਕਰਦਾ ਹੈ। ਉਥੇ ਭਗਵਾਨ ਕ੍ਰਿਸ਼ਨ ਨੇ ਪਾਂਡਵਾਂ ਤੇ ਕੌਰਵਾਂ ਵਿਚਾਲੇ ਵਿਵਾਦ ਦੀ ਵਿਚੋਲਗੀ ਦਾ ਯਤਨ ਕੀਤਾ ਸੀ। ਉਨ੍ਹਾਂ ਕਿਹਾ ਕਿ ਭਾਰਤੀ ਕਦਰਾਂ-ਕੀਮਤਾਂ ਵਿੱਚ ਵਿਚੋਲਗੀ ਡੂੰਘਾਈ ਨਾਲ ਦਰਜ ਹੈ। ਇਹ ਭਾਰਤ ਵਿੱਚ ਬ੍ਰਿਟਿਸ਼ ਵਾਦ-ਵਿਵਾਦ ਵਾਲੇਸਿਸਟਮ ਤੋਂ ਪਹਿਲਾਂ ਵੀ ਮੌਜੂਦ ਸੀ। ਵਿਵਾਦ ਦੇ ਹੱਲ ਲਈ ਵੱਖ-ਵੱਖ ਰੂਪਾਂ ਵਿੱਚ ਵਿਚੋਲਗੀ ਦਾ ਸਹਾਰਾ ਲਿਆ ਜਾਂਦਾ ਸੀ।

ਇਸ ਦੌਰਾਨ ਚੀਫ ਜਸਟਿਸ ਰਾਮੰਨਾ ਨੇ ਵਾਦ-ਪ੍ਰਤੀਵਾਦ ਸਿਸਟਮ ਉੱਤੇ ਇੱਕ ਚੁਟਕਲਾ ਸੁਣਾਉਂਦਿਆਂ ਕਿਹਾ ਕਿ ਜਦੋਂ ਇੱਕ ਜੱਜ ਸਵੇਰੇ ਅਖਬਾਰ ਪੜ੍ਹਦੇ ਹੋਏ ਕੌਫੀ ਪੀ ਰਹੇ ਸਨ ਤਾਂ ਉਨ੍ਹਾਂ ਦੀ ਪੋਤਰੀ ਉਥੇ ਆਈ ਅਤੇ ਕਹਿਣ ਲੱਗੀ, 'ਦਾਦਾ ਜੀ, ਮੇਰੀ ਵੱਡੀ ਭੈਣ ਨੇ ਮੇਰਾ ਖਿਡੌਣਾ ਲੈ ਲਿਆ ਹੈ।' ਇਸ ਉੱਤੇਜੱਜ ਦਾਦਾ ਜੀ ਨੇ ਤੁਰੰਤ ਪੁੱਛਿਆ, 'ਕੀ ਤੇਰੇ ਕੋਲ ਕੋਈ ਸਬੂਤ ਹੈ?' ਉਨ੍ਹਾਂ ਕਿਹਾ ਕਿ ਹਰ ਗੱਲ ਲਈ ਸਬੂਤ ਦੀ ਲੋੜ ਹੈ।

## ਤੀਹ ਸਾਲਾਂ ਤੋਂ ਕੈਦ ਭੁਗਤ ਰਹੇ ਉਮਰ ਕੈਦੀ ਨੇ ਸੁਪਰੀਮ ਕੋਰਟ ਤੋਂ ਰਿਹਾਈ ਮੰਗੀ

ਨਵੀਂ ਦਿੱਲੀ, 18 ਜੁਲਾਈ (ਪੋਸਟ ਬਿਊਰੋ)- ਭਾਰਤ ਦੇ ਕਾਨੂੰਨ ਵਿੱਚ ਸਜ਼ਾ ਖਿਲਾਫ ਅਪੀਲ ਦਾ ਅਧਿਕਾਰ ਇਸ ਲਈ ਦਿੱਤਾ ਗਿਆ ਹੈ ਕਿ ਜੇ ਕੋਈ ਹੇਠਲੀ ਅਦਾਲਤ ਦੇ ਫੈਸਲੇ ਤੋਂ ਸੰਤੁਸ਼ਟ ਨਹੀਂ ਤਾਂ ਹਾਈ ਕੋਰਟ ਵਿੱਚ ਫੈਸਲੇ ਨੂੰ ਚੁਣੌਤੀ ਦੇ ਸਕੇ, ਪਰ ਜੇ ਹਾਈ ਕੋਰਟ ਵਿੱਚ ਅਪੀਲ 25 ਸਾਲ ਪੈਂਡਿਗ ਰਹੇ ਅਤੇ ਕੋਈ ਵਿਅਕਤੀ ਸਜ਼ਾ ਭੁਗਤਦਾ ਰਹੇ ਤਾਂ ਅਪੀਲ ਦੇ ਅਧਿਕਾਰ ਦਾ ਕੀ ਮਤਲਬ ਹੈ। ਅਜਿਹਾ ਇੱਕ ਕੇਸ ਸੁਪਰੀਮ ਕੋਰਟ ਦੇ ਧਿਆਨ ਵਿੱਚ ਆਇਆ ਹੈ ਜਿਸ ਵਿੱਚ ਤੀਹ ਸਾਲ ਤੋਂ ਜੇਲ੍ਹ ਭੁਗਤ ਰਹੇ ਉਮਰ ਕੈਦੀ ਇਸਹਾਕ ਨੇ ਕਿਹਾ ਕਿ ਸਜ਼ਾ ਦੇ ਖਿਲਾਫ ਉਸ ਦੀ ਅਪੀਲ ਇਲਾਹਾਬਾਦ ਹਾਈ ਕੋਰਟ ਵਿੱਚ 1996 ਤੋਂ ਪੈਂਡਿੰਗ ਹੈ। ਸੁਪਰੀਮ ਕੋਰਟ ਉਸ ਦੀ ਰਿਹਾਈ ਦਾ ਹੁਕਮ ਦੇਵੇ ਤੇ ਅਰਜ਼ੀ ਉੱਤੇ ਸੁਣਵਾਈ ਪੂਰੀ ਹੋਣ ਤਕ ਜ਼ਮਾਨਤ ਪ੍ਰਦਾਨ ਕਰੇ। ਸੁਪਰੀਮ ਕੋਰਟ ਇਸ ਕੇਸ ਉੱਤੇ ਸੁਣਵਾਈ ਕਰੇਗੀ।

ਆਗਰਾ ਸੈਂਟਰਲ ਜੇਲ੍ਹ ਵਿੱਚ ਬੰਦ ਇਸਹਾਕ ਨੇ ਵਕੀਲ ਰਿਸ਼ੀ ਮਹਲੋਤਰਾ ਦੇ ਜ਼ਰੀਏ ਸੁਪਰੀਮ ਕੋਰਟ ਵਿੱਚ ਰਿਟ ਪਟੀਸ਼ਨ ਦਾਖਲ ਕਰ ਕੇ ਕਿਹਾ ਹੈ ਕਿ ਇਹ ਕੇਸ ਉਤਰ ਪ੍ਰਦੇਸ਼ ਦੀ ਹਾਲਤ ਨੂੰ ਦਰਸਾਉਂਦਾ ਹੈ ਜਿਸ ਵਿੱਚ ਪਟੀਸ਼ਨਰ ਦੀ ਤਰ੍ਹਾਂ ਦੋਸ਼ੀ ਕਰਾਰ ਦਿਤੇਲੋਕ ਸਜ਼ਾ ਭੁਗਤ ਕੇ ਰਿਹਾਅ ਵੀ ਹੋ ਗਏ, ਪਰ ਉਹ ਅਜੇ ਰਿਹਾਅ ਨਹੀਂ ਹੋਇਆ। ਉਸ ਨੂੰ ਨਾ ਅੱਜ ਤੱਕ ਜ਼ਮਾਨਤ ਮਿਲੀ ਅਤੇ ਨਾ ਉਸ ਦੀ ਸਮੇਂ ਤੋਂ ਪਹਿਲਾਂ ਰਿਹਾਈ (ਪ੍ਰੀ ਮੈਚਿਓਰ ਰਿਲੀਜ਼) ਉੱਤੇ ਸੂਬਾ ਸਰਕਾਰ ਨੇ ਵਿਚਾਰ ਕੀਤਾ, ਕਿਉਂਕਿ ਸਜ਼ਾ ਦੇ ਖਿਲਾਫ ਉਸ ਦੀ ਅਪੀਲ ਹਾਈ ਕੋਰਟ ਵਿੱਚ ਪੈਂਡਿੰਗ ਹੈ। ਪਟੀਸ਼ਨਰ ਸਜ਼ਾ ਤੋਂ ਜ਼ਿਆਦਾ ਸਜ਼ਾ ਭੁਗਤ ਚੁੱਕਾ ਹੈ, ਅਜਿਹੇ ਵਿੱਚ ਪੈਂਡਿੰਗ ਅਪੀਲ ਦਾ ਕੋਈ ਮਤਲਬ ਨਹੀਂ ਰਹਿ ਗਿਆ।

ਇਸ ਪਟੀਸ਼ਨ ਮੁਤਾਬਕ ਪਟੀਸ਼ਨਰ ਦੇ ਖਿਲਾਫ 29 ਜਨਵਰੀ 1991 ਨੂੰ ਗਾਜ਼ੀਆਬਾਦ ਦੇ ਸਾਹਿਬਾ-ਬਾਦ ਥਾਣੇ ਵਿੱਚ ਕਤਲ ਦਾ ਕੇਸ ਦਰਜ ਹੋਇਆ ਸੀ। ਉਸ ਪਿੱਛੋਂ 1996 ਵਿੱਚ ਉਸ ਨੇ ਹਾਈ ਕੋਰਟ ਨੂੰ ਅਪੀਲ ਕੀਤੀ, ਜੋ ਅੱਜ ਵੀ ਪੈਂਡਿੰਗ ਹੈ। ਪਟੀਸ਼ਨਰ ਤਿੰਨ ਜੁਲਾਈ 2021 ਤਕ 30 ਸਾਲ ਪੰਜ ਮਹੀਨੇ ਦੀ ਅਸਲ ਕੈਦ ਭੁਗਤ ਚੁੱਕਾ ਹੈ ਤੇ ਰਿਮਿਸ਼ਨ (ਛੁੱਟੀਆਂ, ਛੋਟ ਆਦਿ) ਮਿਲਾ ਕੇ ਉਹ ਕੁੱਲ 38 ਸਾਲ ਅੱਠ ਮਹੀਨੇ ਦੀ ਕੈਦ ਕੱਟ ਚੁੱਕਾ ਹੈ ਅਤੇ ਉਸ ਨੂੰ ਹਾਈ ਕੋਰਟ ਨੇ ਬਰੀ ਵੀ ਕਰ ਦਿੱਤਾ ਹੈ,ਕਿਉਂਕਿ ਉਹ ਬਣਦੀ ਤੋਂ ਵੱਧ ਸਜ਼ਾ ਭੁਗਤ ਚੁੱਕਾ ਹੈ। ਉਸ ਦਾ ਕਹਿਣਾ ਹੈ ਕਿ ਇਹ ਮਾਮਲਾ ਜੀਵਨ ਅਧਿਕਾਰ ਦੇ ਘਾਣ ਦੀਮਿਸਾਲ ਹੈ।

## ਹਵਾਲਾ ਕਾਰੋਬਾਰੀ ਪੱਬੀ ਨੂੰ ਨੀਦਰਲੈਂਡ ਦੇ ਕਹਿਣ ਉਤੇ ਹਵਾਈ ਅੱਡੇ ਉਤੇ ਦਬੋਚਿਆ

ਨਵੀਂ ਦਿੱਲੀ, 18 ਜੁਲਾਈ (ਪੋਸਟ ਬਿਊਰੋ)- ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਕਿਹਾ ਹੈ ਕਿ ਉਸ ਨੇ ਮਨੀ ਲਾਂਡਰਿੰਗਦੀ ਜਾਂਚ ਵਿੱਚ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ ਤੋਂ ਭਾਰਤੀ ਮੂਲ ਦੇ ਡੱਚ ਨਾਗਰਿਕ ਨੂੰ ਗ੍ਰਿਫਤਾਰ ਕੀਤਾ ਹੈ। ਨੀਦਰਲੈਂਡ ਸਰਕਾਰ ਦੀ ਅਪੀਲ ਉੱਤੇ ਇਸ ਵਿਅਕਤੀ ਖਿਲਾਫ ਜਾਂਚ ਸ਼ੁਰੂ ਕੀਤੀ ਗਈ ਹੈ।

ਈ ਡੀ ਅਧਿਕਾਰੀਆਂ ਅਨੁਸਾਰ ਫਗਵਾੜੇ ਦਾ ਵਸਨੀਕ ਸ਼ਿਵ ਲਾਲ ਪੱਬੀ 1981 ਵਿੱਚ ਨੀਦਰਲੈਂਡ ਜਾ ਕੇ ਵਸ ਗਿਆ ਸੀ। ਉਸ ਨੂੰ ਜਦੋਂ ਗ੍ਰਿਫਤਾਰ ਕੀਤਾ ਗਿਆ ਤਾਂ ਉਹ ਪੈਰਿਸ ਭੱਜਣ ਦੀ ਕੋਸ਼ਿਸ਼ ਕਰ ਰਿਹਾ ਸੀ। ਪੱਬੀ ਨੂੰ ਬਾਅਦ ਵਿੱਚ ਮੋਹਾਲੀ ਦੀ ਪ੍ਰੀਵੈਂਸ਼ਨ ਆਫ ਮਨੀ ਲਾਂਡਰਿੰਗ ਐਕਟ (ਪੀ ਐਮ ਐਲ ਏ) ਕੋਰਟ ਵਿੱਚ ਪੇਸ਼ ਕੀਤਾ ਗਿਆ ਜਿਸ ਨੇ ਉਸ ਨੂੰ 23 ਜੁਲਾਈ ਤਕ ਇਨਫੋਰਸਮੈਂਟ ਡਾਇਰੈਕਟੋਰੇਟ ਦੇ ਹਵਾਲੇ ਕਰ ਦਿੱਤਾ।ਈ ਡੀ ਅਨੁਸਾਰ ਸਾਲ 1984 ਵਿੱਚ ਨੀਦਰਲੈਂਡ ਦਾ ਨਾਗਰਿਕ ਬਣ ਚੁੱਕੇ ਪੱਬੀ ਨੇ ਆਪਣੇ ਭਾਰਤੀ ਸਹਾਇਕਾਂ ਦੀ ਮਦਦ ਨਾਲ ਬਣਾਏ ਫਰਜ਼ੀ ਦਸਤਾਵੇਜ਼ਾਂ ਨਾਲ ਨੀਦਰਲੈਂਡ ਵਿੱਚ ਧੋਖਾਦੇਹੀ ਅਤੇ ਜਾਅਲਸਾਜ਼ੀ ਕੀਤੀ। ਉਸ ਨੇ ਰੈਡੀਮੇਡ ਕੱਪੜਿਆਂ ਦੇ ਨਾਂਅ ਉੱਤੇ ਨੀਦਰਲੈਂਡ ਵਿੱਚ ਹਵਾਲਾ ਕਾਰੋਬਾਰ ਚਲਾਉਣਾ ਸ਼ੁਰੂ ਕਰ ਦਿੱਤਾ ਸੀ, ਪਰ ਉਸ ਦੀਆਂ ਧਾਰਮਿਕ ਸਰਗਰਮੀਆਂ ਵਿੱਚ ਦੁਬਈ ਵਿੱਚ ਰਹਿੰਦੇ ਕੁਝ ਪਾਕਿਸਤਾਨੀ ਨਾਗਰਿਕ ਸ਼ਾਮਲ ਸਨ, ਜੋ ਉਸ ਦੇ ਅਤੇ ਉਸ ਦੇ ਭਰਾ ਦੇ ਬੈਂਕ ਖਾਤਿਆਂ ਵਿੱਚ ਰਕਮ ਜਮ੍ਹਾਂ ਕਰਵਾਉਂਦੇ ਸਨ। ਪੱਬੀ ਨੇਇਸ ਰਕਮ ਦੀ ਵਰਤੋਂ ਫਗਵਾੜੇ ਵਿੱਚ ਜਲੰਧਰ-ਲੁਧਿਆਣਾ ਹਾਈਵੇ ਉੱਤੇ ਸਥਿਤ ਮੇ-ਫੇਅਰ ਰਿਜ਼ਾਰਟਸ ਅਤੇ ਕਾਬਾਨਾ ਰਿਜ਼ਾਰਟ ਅਤੇ ਸਪਾ ਬਣਾਉਣ ਵਿੱਚ ਕੀਤੀ।

### ਮਣਪੁਰਮ ਗੋਲਡ ਲੋਨ ਕੰਪਨੀ ਵਿੱਚੋਂ 17 ਕਿਲੋ ਸੋਨਾ, ਪੰਜ ਲੱਖ ਰੁਪਏ ਲੁੱਟੇ



ਆਗਰਾ, 18 ਜੁਲਾਈ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਵਿੱਚ ਕਾਨੂੰਨ ਵਿਵਸਥਾ ਢਹਿ-ਢੇਰੀ ਹੋ ਚੁੱਕੀ ਹੈ, ਜਿਸ ਕਾਰਨ ਕੱਲ੍ਹ ਦਿਨ-ਦਿਹਾੜੇ ਬਦਮਾਸ਼ਾਂ ਨੇ ਸਨਸਨੀ ਫੈਲਾ ਦਿੱਤੀ ਹੈ।

ਆਗਰਾ ਦੇ ਕਮਲਾ ਨਗਰ ਦੀ ਸੈਂਟਰਲ ਬੈਂਕ ਰੋਡ ਉੱਤੇ ਮਣਪੁਰਮ ਗੋਲਡ ਲੋਨ ਕੰਪਨੀ ਦੀ ਬ੍ਰਾਂਚ ਵਿੱਚ ਦੁਪਹਿਰੇ ਲਗਭਗ ਇੱਕ ਵਜੇ ਆਏ ਚਾਰ ਹਥਿਆਰਬੰਦ ਬਦਮਾਸ਼ਾਂ ਨੇ ਸਟਾਫ ਨੂੰ ਬੰਦੀ ਬਣਾ ਲਿਆ ਤੇ ਉਥੋਂ 17 ਕਿਲੋ ਸੋਨਾ ਅਤੇ ਪੰਜ ਲੱਖ ਰੁਪਏ ਲੁੱਟ ਕੇ ਫਰਾਰ ਹੋ ਗਏ। ਇਸ ਦੀ ਜਾਣਕਾਰੀ ਮਿਲਣ ਉੱਤੇ ਐਸ ਐਸ ਪੀ ਅਤੇ ਹੋਰ ਅਧਿਕਾਰੀ ਉਥੇ ਆਏ। ਬਦਮਾਸ਼ਾਂ ਦਾ ਸੁਰਾਗ ਲੱਭਣ ਲਈ ਸੀ ਸੀ ਟੀ ਵੀ ਫੁਟੇਜ ਫੋਲੇ ਗਏ ਅਤੇ ਐਤਮਾਦਪੁਰ ਇਲਾਕੇ ਵਿੱਚ ਪੁਲਸ ਨੇ ਮੁਕਾਬਲੇ ਵਿੱਚ ਦੋ ਦੋਸ਼ੀਆਂ ਕੋਲੋਂ ਲੁੱਟ ਦਾ ਸਾਮਾਨ ਬਰਾਮਦ ਕਰ ਲਿਆ ਹੈ। ਮੁਕਾਬਲੇ ਵਿੱਚ ਦੋਸ਼ੀਆਂ ਦੇ ਪੈਰ ਵਿੱਚ ਗੋਲੀ ਲੱਗੀ ਹੈ। ਐਸ ਐਸ ਪੀ ਮੁਨੀਰਾਜਨੇ ਦੱਸਿਆ ਕਿ ਇਲਾਕੇ ਵਿੱਚ ਲੱਗੇ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਖੰਗਾਲ ਕੇ ਐਤਮਾਦਪੁਰ ਵੱਲ ਜਾਣ ਵਾਲੇ ਰਸਤੇ ਦੀ ਨਾਕਾਬੰਦੀ ਕਰ ਦਿੱਤੀ ਗਈ ਹੈ।

## ਤਿੰਨ ਦਿਨਾਂ ਤੋਂ ਲਾਪਤਾ ਰਮਨ ਦੀ ਲਾਸ਼ ਸ਼ੱਕੀ ਹਾਲਤ ਵਿੱਚਬਿਆਸ ਦਰਿਆ ਵਿੱਚੋਂਮਿਲੀ

ਹਾਜੀਪੁਰ, 18 ਜੁਲਾਈ (ਪੋਸਟ ਬਿਊਰੋ)- ਪਿਛਲੇ ਕੁਝ ਦਿਨਾਂ ਤੋਂ ਰਮਨ ਲਾਲ ਪੁੱਤਰ ਮਦਨ ਲਾਲ ਪਿੰਡ ਬੇਲਾ ਸਰਿਆਣਾ ਉਮਰ 20 ਸਾਲ ਲਾਪਤਾ ਸੀ, ਜੋ ਫੌਜ ਵਿੱਚ ਸਿਲੈਕਟ ਹੋ ਚੁੱਕਾ ਸੀ ਅਤੇ ਇਸ 25 ਜੁਲਾਈ ਨੂੰ ਉਸ ਦਾ ਟੈਸਟ ਸੀ। ਉਹ ਬਹੁਤ ਮਿਹਨਤੀ ਨੌਜਵਾਨ ਸੀ ਅਤੇ ਫੌਜ ਦੀ ਭਰਤੀ ਦੇ ਨਾਲ-ਨਾਲ ਆਪਣੇ ਪਿਤਾ ਮਦਨ ਲਾਲ ਦਾ ਖੇਤੀਬਾੜੀ ਵਿੱਚ ਵੀ ਹੱਥ ਵਟਾਉਂਦਾ ਸੀ।ਇਸ 13 ਜੁਲਾਈ ਨੂੰ ਸ਼ਾਮ ਨੂੰ ਕਰੀਬ ਸੱਤ ਵਜੇ ਆਪਣੇ ਘਰੋਂ ਮੋਟਰ ਸਾਈਕਲ ਉੱਤੇ ਨਿਕਲਿਆ ਤੇ ਆਪਣੇ ਹਾਣ ਦੇ ਨੌਜਵਾਨਾਂ ਨੂੰ ਇਹ ਕਿਹਾਕਿ ਤੁਸੀਂ ਰੁਕੋ ਮੈਂ ਥੋੜ੍ਹੀ ਦੇਰ ਤਕ ਆਉਂਦਾ ਹਾਂ, ਪਰ ਦੇਰ ਰਾਤ ਤਕ ਉਸ ਦੇ ਦੋਸਤਾਂ ਵੱਲੋਂ ਅਤੇ ਉਸ ਦੇ ਪਰਵਾਰ ਵੱਲੋਂ ਉਸ ਦਾ ਇੰਤਜ਼ਾਰ ਕਰਨ ਤੋਂ ਬਾਅਦ ਪਿਤਾ ਮਦਨ ਲਾਲ ਵੱਲੋਂ ਉਸ ਦੀ ਭਾਲ ਸ਼ੁਰੂ ਕਰ ਦਿਤੀ ਗਈ ਅਤੇ ਮਿਤੀ 14 ਜੁਲਾਈ ਨੂੰ ਗੁੰਮਸ਼ੁਦਗੀ ਦੀ ਰਿਪੋਰਟ ਲਿਖਵਾਈ ਗਈ ਸੀ।

16 ਜੁਲਾਈਸ਼ਾਮ ਕਰੀਬ ਅੱਠ ਵਜੇ ਪਿੰਡ ਦੇ ਮੋਹਤਬਰਾਂ ਸਮੇਤ ਮਦਨ ਲਾਲ ਪਿੰਡ ਬੇਲਾ ਸਰਿਆਣਾ ਦੇ ਬਿਆਸ ਦਰਿਆ ਕੋਲ ਆਪਣੇ ਪੁੱਤਰ ਦੀ ਭਾਲ ਕਰ ਰਿਹਾ ਸੀ ਤਾਂ ਉਸ ਨੂੰ ਰਮਨ ਲਾਲ ਦੀ ਲਾਸ਼ ਮਿਲੀ ਤਾਂ ਹਾਜੀਪੁਰ ਪੁਲਸ ਨੂੰ ਸੂਚਿਤ ਕੀਤਾ ਗਿਆ ਅਤੇ ਮੌਕੇ ਉੱਤੇ ਏ



ਐਸ ਆਈ ਦਲਜੀਤ ਸਿੰਘ ਪਹੁੰਚੇ ਅਤੇ ਮਦਨ ਲਾਲ ਅਤੇ ਉਸ ਦੇ ਛੋਟੇ ਲੜਕੇ ਸੁਰਿੰਦਰ ਸਿੰਘ ਨੇ ਲਾਸ਼ ਦੀ ਸ਼ਨਾਖਤ ਕੀਤੀ।ਹਾਜੀਪੁਰ ਪੁਲਸ ਦੀ ਤਫਤੀਸ਼ ਉੱਤੇ ਪਤਾ ਲੱਗਾ ਕਿ ਮਨਜੀਤ ਸਿੰਘ ਪੁੱਤਰ ਗੁਰਦਾਸ ਰਾਮ ਪਿੰਡ ਬੇਲਾ ਸਰਿ-ਆਣਾ ਨੇ ਰਮਨ ਲਾਲ ਨੂੰ ਸ਼ਾਮ ਕਰੀਬ 7.30 ਵਜੇ ਬੀਅਰ ਲੈ ਕੇ ਆਪਣੇ ਖੇਤ ਸੱਦਿਆ ਸੀ ਅਤੇ ਮਨਜੀਤ ਸਿੰਘ ਨੇ ਰਮਨ ਲਾਲ ਨੂੰ ਬੀਅਰ ਪਿਆ ਕੇ ਨਸ਼ੇ ਵਿੱਚ ਉਸ ਦੇ ਸਿਰ ਉੱਤੇ ਸੱਟਾਂ ਮਾਰ ਕੇ ਮਾਰਨ ਦੀ ਕੋਸ਼ਿਸ਼ ਕੀਤੀ, ਪਰ ਨਾਕਾਮ ਰਿਹਾ ਅਤੇ ਬਾਅਦ ਵਿੱਚ ਉਸ ਨੇ ਰਮਨ ਲਾਲ ਦਾ ਗਲਾ ਘੁੱਟ ਕੇ ਉਸ ਦਾ ਕਤਲ ਕਰ ਦਿੱਤਾ। ਮਨਜੀਤ ਸਿੰਘ ਨੇ ਲਾਸ਼ ਖੁਰਦ ਬੁਰਦ ਕਰਨ ਲਈ ਡਰੇਨ ਦੇ ਦੂਸਰੇ ਪਾਸੇ ਦਲਦਲੀ ਜਗ੍ਹਾ ਸੁੱਟ ਦਿੱਤੀ।ਇਸ ਬਾਰੇ ਏ ਐਸ ਆਈ ਦਲਜੀਤ ਸਿੰਘ ਨੇ ਦੱਸਿਆ ਕਿ ਦੋਸ਼ੀ ਮਨਜੀਤ ਸਿੰਘ ਵਿਰੁੱਧ ਕੇਸ ਦਰਜ ਕਰ ਲਿਆ ਹੈ।

## ਪਾਕਿ ਵਿੱਚ ਅਫਗਾਨ ਰਾਜਦੂਤ ਦੀ ਧੀ ਨੂੰ ਅਗਵਾ ਕਰ ਕੇ ਤਸੀਹੇ

ਲਾਹੌਰ, 18 ਜੁਲਾਈ (ਪੋਸਟ ਬਿਊਰੋ)- ਪਾਕਿਸਤਾਨ ਦੀ ਰਾਜਧਾਨੀ ਇਸਲਾਮਾਬਾਦ ਵਿੱਚ ਅਫਗਾਨਿਸਤਾਨ ਦੇ ਅਜੋਕੇ ਰਾਜਦੂਤ ਨਜੀਬਉਲ੍ਹਾ ਅਲੀਖੇਲ ਦੀ ਧੀ ਸਿਲਸਿਲਾ ਅਲੀਖੇਲ ਨੂੰ ਅਗਵਾ ਕਰ ਕੇ ਤਸੀਹੇ ਦਿੱਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ, ਜਿਸ ਤੋਂ ਦੂਸਰੇ ਦੇਸ਼ਾਂ ਦੇ ਰਾਜਦੂਤ ਵੀ ਸਨਸਨੀ ਮਹਿਸੂਸ ਕਰ ਰਹੇ ਹਨ।

ਇਸ ਬਾਰੇ ਪਾਕਿਸਤਾਨ ਇੰਸਟੀਚਿਊਟ ਆਫ ਮੈਡੀਕਲ ਸਾਇੰਸ ਇਸਲਾਮਾਬਾਦ ਵੱਲੋਂ ਜਾਰੀ ਕੀਤੀ ਸਿਲਸਿਲਾ ਅਲੀਖੇਲ ਦੀ ਮੈਡੀਕਲ ਜਾਂਚ ਰਿਪੋਰਟ ਵਿੱਚ ਉਸ ਨੂੰ ਤਸੀਹੇ ਦਿੱਤੇ ਜਾਣ ਦੀ ਪੁਸ਼ਟੀ ਕੀਤੀ ਗਈ ਹੈ। ਇਸ ਘਟਨਾ ਪਿੱਛੋਂ ਅਫਗਾਨਿਸਤਾਨ ਅਤੇ ਪਾਕਿਸਤਾਨ ਦਾ ਤਣਾਅ ਹੋਰ ਵਧ ਗਿਆ ਹੈ। ਵਰਨਣ ਯੋਗ ਹੈ ਕਿ ਅਫਗਾਨਿਸਤਾਨ ਤੋਂ ਅਮਰੀਕੀ ਫੌਜ ਦੇ ਜਾਣ ਪਿੱਛੋਂ ਦੋਵਾਂ ਦੇਸ਼ਾਂ ਵਿੱਚ ਤਣਾਅ ਹੈ। ਅਫਗਾਨਿਸਤਾਨ ਨੇ ਪਾਕਿਸਤਾਨ ਉੱਤੇ ਉਸ ਦੇਸ਼ ਵਿੱਚ ਅਸਥਿਰਤਾ ਤੇ ਹਿੰਸਾ ਲਈ ਜ਼ਿੰਮੇਵਾਰ ਤਾਲਿਬਾਨ ਦੀ ਮਦਦ ਕਰਨ ਦੇ ਦੋਸ਼ ਲਾਏ ਹਨ। ਤਾਜ਼ਾ ਘਟਨਾ ਦੇ ਬਾਅਦ ਮੰਨਿਆ ਜਾ ਰਿਹਾ ਹੈ ਕਿ ਪਾਕਿਸਤਾਨ ਨੇ ਅਫਗਾਨਿਸਤਾਨ ਦੀ ਸਰਕਾਰ ਉੱਤੇ ਦਬਾਅ ਬਣਾਉਣ ਲਈ ਅਜਿਹੀ ਘਿਨਾਉਣੀ ਹਰਕਤ ਕਰਵਾਈ ਹੋ ਸਕਦੀ ਹੈ। ਅਫਗਾਨਿਸਤਾਨ ਦੇ ਵਿਦੇਸ਼ ਮੰਤਰਾਲੇ ਵੱਲੋਂ ਜਾਰੀ ਬਿਆਨ ਮੁਤਾਬਕ ਅਫਗਾਨ ਰਾਜਦੂਤ ਨਜੀਬਉਲ੍ਹਾ ਦੀ ਧੀ ਸਿਲਸਿਲਾ ਅਲੀਖੇਲ ਨੂੰ ਇਸਲਾਮਾ-ਬਾਦ ਵਿੱਚ ਆਪਣੇ ਘਰ ਪਰਤਣ ਵੇਲੇ ਅਗਵਾ ਕਰ ਲਏ ਜਾਣ ਤੋਂ ਬਾਅਦ ਉਸ ਨੂੰ ਕਈ ਘੰਟਿਆਂ ਤਕ ਬੇਰਹਿਮੀ ਨਾਲ ਤਸੀਹੇ ਦਿੱਤੇ ਗਏ। ਬਾਅਦ ਵਿੱਚ ਅਗਵਾਕਾਰਾਂ ਨੇ ਉਸ ਨੂੰ ਛੱਡ ਦਿੱਤਾ।

## ਨਿਊਜ਼ੀਲੈਂਡ ਦੇ ਕਿਸਾਨ ਵੀ ਹੱਕੀ ਮੰਗਾਂ ਲਈ ਸੜਕਾਂ ਉੱਤੇ ਉਤਰੇ

ਆਕਲੈਂਡ, 18 ਜੁਲਾਈ (ਪੋਸਟ ਬਿਊਰੋ)- ਕੱਲ੍ਹ ਨਿਊਜ਼ੀਲੈਂਡ ਦੇ ਵੱਖੋ-ਵੱਖ ਸ਼ਹਿਰਾਂ ਵਿੱਚ ਹੋਏ ਕਿਸਾਨਾਂ ਦੇ ਰੋਸ ਮਾਰਚਾਂ ਨੂੰ ਵੇਖ ਇੰਜ ਜਾਪਦਾ ਸੀ ਕਿ ਕਿਸਾਨੀ ਦਾ ਕਿੱਤਾ ਸ਼ਾਇਦ ਕਿਸੇ ਵੀ ਦੇਸ਼ ਵਿੱਚ ਸੁਰੱਖਿਅਤ ਨਹੀਂ ਹੈ। ਜਿੱਥੇ ਭਾਰਤ ਵਿੱਚ ਕਿਸਾਨ ਆਪਣੀਆਂ ਮੰਗਾਂ ਲਈ ਕਈ ਮਹੀਨਿਆਂ ਤੋਂ ਸੰਘਰਸ਼ ਕਰਦੇ ਦਿੱਲੀ ਬਾਰਡਰ ਉੱਤੇ ਬੈਠੇ ਹਨ, ਉਥੇ ਨਿਊਜ਼ੀਲੈਂਡ ਦੇ ਕਿਸਾਨਾਂ ਨੇ ਵੀ ਮੰਗਾਂ ਲਈ ਲੇਬਰ ਪਾਰਟੀ ਦੀ ਜੈਸਿੰਡਾ ਸਰਕਾਰ ਵਿਰੁੱਧ ਆਵਾਜ਼ ਚੁੱਕੀ ਹੈ। ਪੂਰੇ ਨਿਊਜ਼ੀਲੈਂਡ ਵਿੱਚ ਕਰੀਬ ਚਾਰ ਦਰਜਨ ਤੋਂ ਵੱਧ ਸ਼ਹਿਰਾਂ ਵਿੱਚ ਸਰਕਾਰ ਖ਼ਿਲਾਫ਼ ਟਰੈਕਟਰ ਮਾਰਚ ਕੱਢਦਿਆਂ ਕਿਸਾਨਾਂ ਨੇ ਮੌਜੂਦਾ ਸਰਕਾਰ ਨੂੰ ਹਲੂਣਾ ਦੇਣ ਦੀ ਕੋਸ਼ਿਸ਼ ਕੀਤੀ ਹੈ।

ਇਸ ਮੌਕੇ ਕਿਸਾਨਾਂ ਨੇ ਕਿਹਾ ਕਿ ਸਰਕਾਰ ਦੀਆਂ ਕਿਸਾਨ ਵਿਰੋਧੀ ਨੀਤੀਆਂ ਕਾਰਨ ਹੀਉਨ੍ਹਾਂ ਨੂੰ ਸੜਕਾਂ ਉੱਤੇ ਉਤਰਨਾ ਪਿਆ ਹੈ। ਕਿਸਾਨ




ਵਿਰੋਧੀ ਨੀਤੀਆਂ ਵਿੱਚ ਮੁੱਖ ਤੌਰ ਉੱਤੇ ਖੇਤੀਬਾੜੀ ਕੰਮ ਵਿੱਚ ਕਾਮਿਆਂ ਦੀ ਘਾਟ, ਕੀਮਤਾਂ ਵਿੱਚ ਵਾਧਾ, ਨਵੇਂ ਟੈਕਸ, ਡੀਜ਼ਲ ਵਾਹਨਾਂ ਉੱਤੇ ਟੈਕਸ ਆਦਿ ਕਾਰਨ ਕਿਸਾਨ ਪ੍ਰੇਸ਼ਾਨ ਹਨ। ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਕੱਢੇ ਗਏ ਰੋਸ ਮਾਰਚ ਵਿੱਚ ਨੋ ਫਾਰਮਰਜ਼ ਨੋ ਫੂਡ ਦਾ ਸਲੋਗਨ ਮੁੱਖ ਰਿਹਾ ਅਤੇ ਇਨ੍ਹਾਂ ਟਰੈਕਟਰ ਰੈਲੀਆਂ ਵਿੱਚ ਕਿਸਾਨ ਵੱਡੇ-ਛੋਟੇ ਟਰੈਕਟਰਾਂ ਤੋਂ ਇਲਾਵਾ ਆਪਣੇ ਵਾਹਨ ਲੈ ਕੇ ਸ਼ਾਮਲ ਹੋਏ



ਅਤੇ ਸੜਕਾਂ ਉੱਤੇ ਵੱਡੀ ਗਿਣਤੀ ਵਿੱਚ ਟਰੈਕਟਰ ਵੇਖ ਸਥਾਨਕ ਲੋਕਾਂ ਨੇ ਵੀ ਇਸ ਕਿਸਾਨੀ ਰੋਸ ਪ੍ਰਦਰਸ਼ਨ ਦੀ ਹਮਾਇਤ ਕੀਤੀ ਹੈ।









ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

WWW.KULWINDERCHHINA.COM
MULTI AWARD WINNER
REALTOR
KULWINDERCHHINA
BROKER
647.293.2327

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
A-1 RENOVATION GTA INC.
22 Listcreek Road, Brampton L6p 2n6

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days a Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

ਪੀਜ਼ਾ ਡਿਲੀਵਰੀ ਡਰਾਇਵਰਾਂ ਦੀ ਲੋੜ
MAPLE ਵਿਚ ਇਕ ਬਿਜ਼ੀ ਪੀਜ਼ਾ ਸਟੋਰ ਲਈ ਡਿਲੀਵਰੀ ਡਰਾਇਵਰਾਂ ਦੀ ਤੁਰੰਤ ਲੋੜ ਹੈ। ਇਹ ਫੁਲ ਟਾਈਮ ਜੌਬ ਹੈ। ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਸਟੋਰ ਅੰਦਰ ਕੰਮ ਕਰਨ ਵਾਸਤੇ ਲੇਡੀ ਵਰਕਰਾਂ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ 11 ਵਜੇ ਤੋਂ ਲੈ ਕੇ ਸ਼ਾਮ 8 ਵਜੇ ਤੱਕ ਫੋਨ ਕਰ ਸਕਦੇ ਹੋ।
ਸੰਪਰਕ: 6477043799, 6477059736

ਫੌਨਾਂ ਦੇ ਸਸਤੇ ਪਲਾਨ ਗਾਂਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

Check our Free E-paper:
www.canadianpunjabipost.ca
905-793-2202
ਪੰਜਾਬੀ ਪੋਸਟ

## ਲੜਕੀ ਦੀ ਲੋੜ

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

* ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 4 ਇੰਚ ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਪਿਛਲੇ 6 ਸਾਲਾਂ ਤੋਂ ਕੁਕਿੰਗ ਦਾ ਕੰਮ ਕਰਦਾ ਹੈ ਤੇ ਕੈਨੇਡਾ ਵਿਚ ਵਿਜ਼ਿਟਰ ਵੀਜ਼ੇ ਉਤੇ ਕੈਂਬਰਿਜ ਗੁਰਦੁਆਰਾ ਸਾਹਿਬ ਵਿਖੇ ਕੁੱਕ ਦੀ ਸੇਵਾ ਕਰਦਾ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰ਼ੋ:- 647-852-7532 ਅਤੇ 647-637-4035

* ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

* ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

* ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

* ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

* ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਇਕਲੌਤਾ ਲੜਕਾ ਅਰੋੜਾ ਖੱਤਰੀ ਸਿੰਘ, ਵੈਸ਼ਨੂੰ ਪਰਿਵਾਰ, ਪੂਰਨ ਗੁਰ ਸਿੱਖ, ਉਮਰ 24 ਸਾਲ, ਕੱਦ 5 ਫੁਟ 7 ਇੰਚ, ਇੰਗਲੈਂਡ ਦਾ ਚਾਰ ਸਾਲ ਦਾ ਸਟੱਡੀ ਵੀਜ਼ਾ ਮਿਲਿਆ ਹੋਇਆ ਹੈ, ਲਈ ਲੜਕੀ ਦੀ ਲੋੜ ਹੈ। ਮਾਤਾ ਆਸਟ੍ਰੇਲੀਆ ਵਿਚ ਨੈਨੀ ਬੇਸ 'ਤੇ ਗਈ ਹੈ, 2 ਸਾਲ ਦਾ ਵਰਕ ਪਰਮਿਟ। ਪਿਤਾ ਕਰੰਸੀ ਬਦਲੀ ਦਾ ਕੰਮ ਕਰਦਾ ਹੈ, ਪੰਜ ਦੁਕਾਨਾਂ ਕਿਰਾਏ ਉਤੇ ਹਨ, ਰੋਜ਼ ਦੀ 5000 ਆਮਦਨ। ਮੋਗਾ ਇਲਾਕੇ ਨੂੰ ਪਹਿਲ। ਸੰਪਰਕ : ਕੈਪਟਨ ਇਕਬਾਲ ਸਿੰਘ 647-631-9445

Check our Free E-paper:
www.canadianpunjabipost.ca
905-793-2202
ਪੰਜਾਬੀ ਪੋਸਟ

## ਲੜਕੇ ਦੀ ਲੋੜ

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com, Contact number-+17802222608, +919988297352

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

UPPAL LAW
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters
AVTAR UPPAL Manager
AMAN UPPAL Barrister,Solicitor
Tel: 905-500-1507
351 Parkhurst Square, # 16,
Brampton,ON L6T 0C2, Fax: 905-672-7848
FREE Consultation
* PRIOR APPOINTMENT NECESSARY

WANTED
Panjabi Nannies, Caregivers, Cleaning ladies and Cooks for GTA. Please contact at the earliest at:
416-275-7010

A/Z CITY DRIVER WANTED
INNOVATION Transportation
∘A/Z City Drivers Needed
∘Good Pay and good Mileage
∘Day, Afternoon & Weekend Shifts
∘Weekly Pay
$22 /Hour
∘7 Days Work ∘All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

ਫਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ
ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ।
ਸੰਪਰਕ: ਅਜੈਬ ਸਹੋਤਾ
4165618882, 4164544587

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਫਰੀ ਪਿਕਅਪ
Best Rates For Lessons
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

